# Sunday Samaj Weekly

Vol :15 : # 625 05/10/2025 - 11/10/2025 www.samajweekly.com samajweekly @samajweekly

Punjabi, Hindi & English Newspaper- Uk&Eu Edition

# ਸਮਾਜ ਵੀਕਲੀ

# ਰੂਸ ਨੇ ਯੂਕਰੇਨ ਦੇ ਰੇਲਵੇ ਸਟੇਸ਼ਨ 'ਤੇ ਕੀਤਾ ਹਮਲਾ

**ਕੀਵ।** ਤਿੰਨ ਸਾਲਾਂ ਦੀ ਜੰਗ ਦੌਰਾਨ, ਰੂਸ ਨੇ ਯੂਕਰੇਨ ਦੇ ਸੁਮੀ ਰੇਲਵੇ ਸਟੇਸ਼ਨ 'ਤੇ ਡਰੋਨ ਹਮਲਾ ਕੀਤਾ, ਜਿਸ ਵਿੱਚ ਘੱਟੋ-ਘੱਟ 30 ਲੋਕ ਜ਼ਖਮੀ ਹੋ ਗਏ। ਇਸ ਹਮਲੇ ਤੋਂ ਥੋੜ੍ਹੀ ਦੇਰ ਪਹਿਲਾਂ, ਰੂਸ ਨੇ ਡਰੋਨ ਅਤੇ ਮਿਜ਼ਾਈਲਾਂ ਨਾਲ ਚੇਰਨੀਹੀਵ ਦੇ ਨੇੜੇ ਇੱਕ ਪਾਵਰ ਨੈਟਵਰਕ ਨੂੰ ਨਿਸ਼ਾਨਾ ਬਣਾਇਆ, ਜਿਸ ਨਾਲ 50,000 ਘਰਾਂ ਦੀ ਬਿਜਲੀ ਠੱਪ ਹੋ ਗਈ। ਯੂਕਰੇਨ ਨੇ ਇਸ ਨੂੰ ਨਾਗਰਿਕਾਂ 'ਤੇ ਜਾਣਬੁੱਝ ਕੇ ਕੀਤਾ ਗਿਆ, ਬੇਰਹਿਮ ਹਮਲਾ ਦੱਸਿਆ ਹੈ। ਉਨ੍ਹਾਂ ਨੇ ਹਮਲੇ ਨੂੰ ਬੇਰਹਿਮ ਦੱਸਿਆ, ਇਹ ਕਹਿੰਦੇ ਹੋਏ ਕਿ ਰੂਸ ਨੇ ਸੰਘਰਸ਼ ਦੀ ਸ਼ੁਰੂਆਤ ਤੋਂ ਹੀ ਯੂਕਰੇਨੀ ਰੇਲਵੇ ਲਾਈਨਾਂ ਨੂੰ ਵਾਰ-ਵਾਰ ਨਿਸ਼ਾਨਾ ਬਣਾਇਆ ਹੈ। ਉਨ੍ਹਾਂ ਕਿਹਾ ਕਿ ਹੁਣ ਤੱਕ ਘੱਟੋ-ਘੱਟ 30 ਲੋਕ ਜ਼ਖਮੀ ਹੋ ਚੁੱਕੇ ਹਨ, ਜਿਨ੍ਹਾਂ ਵਿੱਚ ਯਾਤਰੀ ਅਤੇ ਰੇਲਵੇ ਕਰਮਚਾਰੀ ਸ਼ਾਮਲ ਹਨ। ਉਨ੍ਹਾਂ ਨੇ ਇੱਕ ਵੀਡੀਓ ਵੀ

ਸਾਂਝਾ ਕੀਤਾ ਜਿਸ ਵਿੱਚ ਇੱਕ ਰੇਲ ਗੱਡੀ ਨੂੰ ਅੱਗ ਲੱਗੀ ਹੋਈ ਦਿਖਾਈ ਦੇ ਰਹੀ ਹੈ। ਜ਼ੇਲੇਂਸਕੀ ਨੇ ਕਿਹਾ ਕਿ ਰੂਸੀ ਜਾਣਦੇ ਸਨ ਕਿ ਉਹ ਨਾਗਰਿਕਾਂ 'ਤੇ ਹਮਲਾ ਕਰ ਰਹੇ ਹਨ। ਇਹ ਹਮਲਾ ਰੂਸੀ ਸਰਹੱਦ ਤੋਂ ਲਗਭਗ 50 ਕਿਲੋਮੀਟਰ ਦੂਰ ਹੋਇਆ। ਇਸ ਤੋਂ ਠੀਕ ਪਹਿਲਾਂ, ਰੂਸ ਨੇ ਯੂਕਰੇਨ ਦੇ ਬਿਜਲੀ ਨੈੱਟਵਰਕ ਨੂੰ ਨਿਸ਼ਾਨਾ ਬਣਾਇਆ, ਕਈ ਡਰੋਨ ਅਤੇ ਮਿਜ਼ਾਈਲਾਂ ਦਾਗੀਆਂ।

## ਅਮਰੀਕਾ 'ਚ ਭਾਰਤੀ ਵਿਦਿਆਰਥੀ ਦਾ ਗੋਲੀਆਂ ਮਾਰ ਕੇ ਕਤਲ

**ਹੈਦਰਾਬਾਦ।** ਹੈਦਰਾਬਾਦ ਦੇ ਇੱਕ ਵਿਦਿਆਰਥੀ ਦਾ ਕਤਲ ਕਰ ਦਿੱਤਾ। ਇਹ ਜਾਣਕਾਰੀ ਉਸ ਦੇ ਪਰਿਵਾਰ ਨੇ ਸ਼ਨਿਚਰਵਾਰ ਨੂੰ ਇੱਥੇ ਦਿੱਤੀ। ਉਨ੍ਹਾਂ ਦੱਸਿਆ ਕਿ ਪੋਲ ਚੰਦਰਸ਼ੇਖਰ ਨੂੰ ਸ਼ੁੱਕਰਵਾਰ ਰਾਤ ਨੂੰ ਡੱਲਾਸ 'ਚ ਬਦਮਾਸ਼ਾਂ ਨੇ ਗੋਲੀ ਮਾਰ ਕੇ ਕਤਲ ਕਰ ਦਿੱਤਾ। ਉਨ੍ਹਾਂ ਸਰਕਾਰ ਨੂੰ ਉਸ ਦੀ ਮ੍ਰਿਤਕ ਦੇਹ ਨੂੰ ਵਾਪਸ ਲਿਆਉਣ ਵਿੱਚ ਮਦਦ ਕਰਨ ਦੀ ਅਪੀਲ ਕੀਤੀ ਹੈ। ਉਸ ਦੇ ਭਰਾ ਦਾਮੋਦਰ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਚੰਦਰਸ਼ੇਖਰ ਨੇ ਹੈਦਰਾਬਾਦ ਤੋਂ ਆਪਣੀ ਬੀ ਡੀ ਐੱਸ (BDS) ਦੀ ਪੜ੍ਹਾਈ ਪੂਰੀ ਕੀਤੀ ਸੀ ਤੇ ਦੋ ਸਾਲ ਪਹਿਲਾਂ ਐੱਮਐੱਸ (MS) ਕਰਨ ਲਈ ਅਮਰੀਕਾ ਗਿਆ ਸੀ। ਉਸ ਨੇ ਛੇ ਮਹੀਨੇ ਪਹਿਲਾਂ ਡਿਗਰੀ ਪੂਰੀ ਕਰ ਲਈ ਸੀ ਅਤੇ ਨੌਕਰੀ ਦੀ ਭਾਲ ਕਰ ਰਿਹਾ ਸੀ। ਆਪਣਾ ਖਰਚਾ ਚਲਾਉਣ ਲਈ, ਚੰਦਰਸ਼ੇਖਰ ਗੈਸ ਸਟੇਸ਼ਨ 'ਤੇ ਪਾਰਟ ਟਾਈਮ ਕੰਮ ਕਰ ਰਿਹਾ ਸੀ।

ਵਿਦਿਆਰਥੀ ਦੀ ਮੌਤ 'ਤੇ ਦੁੱਖ ਪ੍ਰਗਟ ਕਰਦੇ ਹੋਏ ਮੁੱਖ ਮੰਤਰੀ ਏ. ਰੇਵੰਤ ਰੈੱਡੀ ਨੇ ਦੁਖੀ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ। ਰੇਵੰਤ ਰੈੱਡੀ ਨੇ ਪਰਿਵਾਰ ਨੂੰ ਸਹਿਯੋਗ ਦਾ ਭਰੋਸਾ ਦਿੰਦੇ ਹੋਏ ਕਿਹਾ ਕਿ ਉਨ੍ਹਾਂ ਦੀ ਸਰਕਾਰ ਲਾਸ਼ ਵਾਪਸ ਲਿਆਉਣ ਲਈ ਹਰ ਸਹਿਯੋਗ ਦੇਵੇਗੀ।

## ਕਲਯੁਗੀ ਪਿਓ ਨੇ ਆਪਣੀ ਹੀ ਧੀ ਨੂੰ ਨਹਿਰ 'ਚ ਧੱਕਾ ਦੇ ਕੇ ਮਾਰਿਆ, ਪੰਜਾਬ ਮਹਿਲਾ ਕਮਿਸ਼ਨ ਨੇ ਲਿਆ ਸੂ-ਮੋਟੋ ਨੋਟਿਸ

**ਫਿਰੋਜ਼ਪੁਰ।** ਫਿਰੋਜ਼ਪੁਰ ਵਿੱਚ ਇੱਕ ਪਿਤਾ ਨੇ ਆਪਣੀ ਧੀ ਨੂੰ ਨਹਿਰ ਵਿੱਚ ਸੁੱਟ ਕੇ ਮਾਰ ਦਿੱਤਾ। ਕਲਯੁਗੀ ਪਿਓ ਨੇ ਧੀ ਦੇ ਹੱਥ ਬੰਨ੍ਹ ਕੇ ਉਸ ਨੂੰ ਨਹਿਰ ਵਿਚ ਸੁੱਟਿਆ। ਬੱਚੀ ਦੀ ਮਾਂ ਵੀ ਉੱਥੇ ਮੌਜੂਦ ਸੀ। ਪਿਤਾ ਨੇ ਪੂਰੀ ਘਟਨਾ ਦੀ ਵੀਡੀਓ ਵੀ ਬਣਾਈ। ਵੀਡੀਓ ਹੁਣ ਸਾਹਮਣੇ ਆਇਆ ਹੈ। ਪੁਲਿਸ ਜਾਂਚ ਦੇ ਅਨੁਸਾਰ, ਦੋਸ਼ੀ ਵਿਅਕਤੀ ਪੰਜ ਧੀਆਂ ਦਾ ਪਿਤਾ ਸੀ ਅਤੇ ਅਕਸਰ ਆਪਣੀ ਸਭ ਤੋਂ ਵੱਡੀ ਧੀ, 17, ਦੇ ਚਰਿੱਤਰ 'ਤੇ ਸ਼ੱਕ ਕਰਦਾ ਸੀ। ਗੁਆਂਢੀਆਂ ਦਾ ਕਹਿਣਾ ਹੈ ਕਿ ਉਹ ਅਕਸਰ ਉਸ ਨਾਲ ਬਹੁਤ ਸਖ਼ਤ ਰਹਿੰਦਾ ਸੀ, ਪਰ ਕਤਲ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਸੀ। ਪੁਲਿਸ ਵੱਲੋਂ ਇਸ ਮਾਮਲੇ ਦੀ ਜਾਂਚ ਕਰਦਿਆਂ ਲੜਕੀ ਦੇ ਪਿਤਾ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਲੜਕੀ ਦੇ ਰਿਸ਼ਤੇਦਾਰ ਸਾਹਿਲ ਚੌਹਾਨ ਨੇ ਪੁਲਿਸ ਨੂੰ ਦਸਿਆ ਕਿ ਲੜਕੀ ਦਾ ਪਿਤਾ ਸੁਰਜੀਤ ਸਿੰਘ ਜੋ ਕਿ ਉਸ ਦਾ ਮਾਮਾ ਲੱਗਦਾ ਪੰਜ ਧੀਆਂ ਦਾ ਪਿਤਾ ਹੈ। ਸੁਰਜੀਤ ਸਿੰਘ ਆਪਣੀ ਸਭ ਤੋਂ ਵੱਡੀ

ਲੜਕੀ ਪ੍ਰੀਤ ਉਮਰ 17 ਸਾਲ ਦੇ ਚਾਲ ਚੱਲਣ 'ਤੇ ਸ਼ੱਕ ਕਰਦਾ ਸੀ ਅਤੇ ਉਸ ਦੀ ਕੁੱਟਮਾਰ ਕਰਦਾ ਸੀ। ਬੀਤੀ ਰਾਤ ਲਗਭਗ 8:30 ਵਜੇ ਉਸ ਦਾ ਮਾਮਾ ਸੁਰਜੀਤ ਸਿੰਘ ਆਪਣੀ ਲੜਕੀ ਪ੍ਰੀਤ ਨੂੰ ਮੋਟਰਸਾਈਕਲ 'ਤੇ ਰਿਸ਼ਤੇਦਾਰੀ 'ਚ ਜਾਣ ਦੇ ਬਹਾਨੇ ਮੋਗਾ ਰੋਡ 'ਤੇ ਨਹਿਰ ਉੱਤੇ ਲੈ ਗਿਆ। ਜਿਥੇ ਲੜਕੀ ਦੇ ਹੱਥ ਬੰਨ੍ਹ ਕੇ ਨਹਿਰ 'ਚ ਸੁੱਟ ਦਿੱਤਾ ਅਤੇ ਉੱਥੋਂ ਫ਼ਰਾਰ ਹੋ ਗਿਆ। ਐੱਸ ਐੱਸ ਪੀ ਫਿਰੋਜ਼ਪੁਰ ਭੁਪਿੰਦਰ ਸਿੰਘ ਨੇ ਦੱਸਿਆ ਕਿ ਇਸ ਮਾਮਲੇ ਚ ਸੁਰਜੀਤ ਸਿੰਘ ਨੂੰ ਗ੍ਰਿਫਤਾਰ ਕਰਕੇ ਉਸ ਉੱਪਰ ਕਤਲ ਦਾ ਮਾਮਲਾ ਦਰਜ ਕਰ ਦਿੱਤਾ ਗਿਆ ਹੈ ਅਤੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ। ਪੰਜਾਬ ਰਾਜ ਮਹਿਲਾ ਕਮਿਸ਼ਨ ਨੇ ਇਸ ਮਾਮਲੇ 'ਸੂ-ਮੋਟੋ' ਨੋਟਿਸ ਲਿਆ ਹੈ ਤੇ 6 ਅਕਤੂਬਰ ਤੱਕ ਕਾਰਵਾਈ ਬਾਰੇ ਰਿਪੋਰਟ ਪੇਸ਼ ਕਰਨ ਦੇ ਹੁਕਮ ਦਿੱਤੇ ਹਨ।

## ਚਿਕਣ ਮੰਗਣ 'ਤੇ ਮਾਂ ਨੇ 7 ਸਾਲਾ ਪੁੱਤਰ ਦਾ ਵੇਲਣੇ ਮਾਰ-ਮਾਰ ਕੀਤਾ ਕਤਲ, ਧੀ ਨੂੰ ਵੀ ਕੁੱਟਿਆ

**ਮਹਾਰਾਸ਼ਟਰ।** ਮਹਾਰਾਸ਼ਟਰ ਦੇ ਪਾਲਘਰ ਜ਼ਿਲ੍ਹੇ ਦੇ ਕਸ਼ਿਪੜਾ ਵਿੱਚ ਇੱਕ ਔਰਤ ਨੇ ਆਪਣੇ 7 ਸਾਲ ਦੇ ਪੁੱਤਰ ਨੂੰ ਚਿਕਨ ਮੰਗਣ 'ਤੇ ਵੇਲਣੇ ਨਾਲ ਕੁੱਟ-ਕੁੱਟ ਕੇ ਮਾਰ ਦਿੱਤਾ। ਔਰਤ ਨੇ ਬੱਚੇ ਦੇ ਸਿਰ, ਛਾਤੀ, ਪਿੱਠ ਅਤੇ ਚਿਹਰੇ 'ਤੇ ਕਈ ਵਾਰ ਕੀਤੇ। ਉਸ ਨੇ ਆਪਣੀ 10 ਸਾਲ ਦੀ ਧੀ ਨੂੰ ਵੀ ਕੁੱਟਿਆ। ਦੋਵੇਂ ਗੰਭੀਰ ਜ਼ਖ਼ਮੀ ਹੋ ਗਏ। ਬੱਚਿਆਂ ਦੀ ਗੰਭੀਰ ਹਾਲਤ ਦੇ ਬਾਵਜੂਦ, ਔਰਤ ਉਨ੍ਹਾਂ ਨੂੰ ਹਸਪਤਾਲ ਨਹੀਂ ਲੈ ਕੇ ਗਈ। ਪੁੱਤਰ ਦੀ ਘਰ ਵਿੱਚ ਹੀ ਮੌਤ ਹੋ ਗਈ। ਚੀਕਾਂ ਸੁਣ ਕੇ, ਇੱਕ ਗੁਆਂਢੀ ਘਰ ਆਇਆ ਅਤੇ ਪੁੱਤਰ ਨੂੰ ਫਰਸ਼ 'ਤੇ ਪਿਆ ਵੇਖਿਆ। ਪੁੱਛ-ਗਿੱਛ ਕਰਨ 'ਤੇ, ਮਾਂ ਨੇ ਕਿਹਾ ਕਿ ਉਸ ਦੇ ਪੁੱਤਰ ਦੀ ਪੀਲੀਆ ਨਾਲ ਮੌਤ ਹੋ ਗਈ। ਗੁਆਂਢੀ ਨੂੰ ਸ਼ੱਕ ਹੋਇਆ ਅਤੇ ਉਸ ਨੇ ਚਾਦਰ ਚੁੱਕੀ ਤੇ ਵੇਖਿਆ ਕਿ ਛਾਤੀ,

ਪਿੱਠ ਅਤੇ ਚਿਹਰੇ 'ਤੇ ਕਈ ਨਿਸ਼ਾਨ ਹਨ। ਫਿਰ ਉਸ ਨੇ ਪੁਲਿਸ ਨੂੰ ਸੂਚਿਤ ਕੀਤਾ। ਆਪਣੇ ਪਤੀ ਤੋਂ ਵੱਖ ਰਹਿ ਰਹੀ ਪਤਨੀ ਬੱਚਿਆਂ ਤੇ ਭੈਣਾਂ ਨਾਲ ਰਹਿੰਦੀ ਸੀ। ਸਥਾਨਕ ਪੁਲਿਸ, ਅਪਰਾਧ ਸ਼ਾਖਾ ਅਤੇ ਹੋਰ ਅਧਿਕਾਰੀ ਮੌਕੇ 'ਤੇ ਪਹੁੰਚੇ। ਉਨ੍ਹਾਂ ਨੇ ਦੋਸ਼ੀ ਔਰਤ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਹਮਲੇ ਵਿੱਚ ਵਰਤਿਆ ਵੇਲਣਾ ਵੀ ਜ਼ਬਤ ਕਰ ਲਿਆ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com
ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

ਪੱਤਰਕਾਰਾਂ ਦੀ ਲੋੜ
ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।
Editor-in-chief : Devinder Chander
Mob: 07878 456 484
ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# “ਐਤਵਾਰ ਤਕ ਸਮਝੌਤਾ ਕਰੋ, ਨਹੀਂ ਤਾਂ ਨਰਕ ਦਾ ਸਾਹਮਣਾ ਕਰੋ”

**ਯਰੂਸ਼ਲਮ ।** ਗਾਜ਼ਾ ਪੱਟੀ ਵਿਚ ਇਜ਼ਰਾਈਲੀ ਹਮਲਿਆਂ ਅਤੇ ਕਰਾਸਫ਼ਾਇਰ ਵਿਚ ਸ਼ੁਕਰਵਾਰ ਨੂੰ 57 ਫ਼ਲਸਤੀਨੀ ਮਾਰੇ ਗਏ। ਗਾਜ਼ਾ 'ਤੇ ਇਜ਼ਰਾਈਲੀ ਹਮਲੇ ਜਾਰੀ ਹਨ ਪਰ ਹਮਾਸ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਜੰਗਬੰਦੀ ਦੇ ਸ਼ਾਂਤੀ ਪ੍ਰਸਤਾਵ 'ਤੇ ਚਾਰ ਦਿਨਾਂ ਵਿਚ ਕੋਈ ਫ਼ੈਸਲਾ ਨਹੀਂ ਲਿਆ ਹੈ।

ਇਹ ਦਸਿਆ ਗਿਆ ਹੈ ਕਿ ਹਮਾਸ ਪ੍ਰਸਤਾਵ ਦੇ ਕੁੱਝ ਪੱਖਾਂ ਨਾਲ ਅਸਹਿਮਤ ਹੈ ਅਤੇ ਉਨ੍ਹਾਂ 'ਤੇ ਚਰਚਾ ਕਰਨਾ ਚਾਹੁੰਦਾ ਹੈ। ਹਾਲਾਂਕਿ, ਟਰੰਪ ਨੇ ਹਮਾਸ ਨੂੰ ਪ੍ਰਸਤਾਵ ਨੂੰ ਸਵੀਕਾਰ ਕਰਨ ਲਈ ਐਤਵਾਰ ਸ਼ਾਮ 6 ਵਜੇ ਤਕ ਵਾਸ਼ਿੰਗਟਨ ਦਾ ਸਮਾਂ ਦਿਤਾ ਹੈ। ਉਨ੍ਹਾਂ ਕਿਹਾ, "ਦੁਨੀਆਂ ਦੇ ਹਰ ਦੇਸ਼ ਨੇ ਪ੍ਰਸਤਾਵ ਦਾ ਸਮਰਥਨ ਕੀਤਾ ਹੈ, ਇਸ ਲਈ ਇਹ ਹਮਾਸ ਦਾ ਆਖ਼ਰੀ ਮੌਕਾ ਹੈ। ਇਸ ਤੋਂ ਬਾਅਦ, ਇਜ਼ਰਾਈਲ ਨੂੰ ਪੂਰੀ ਤਾਕਤ ਨਾਲ ਕਾਰਵਾਈ ਕਰਨ ਦੀ ਇਜਾਜ਼ਤ ਦਿਤੀ ਜਾਵੇਗੀ।" ਯੋਜਨਾ ਦੇ ਅਨੁਸਾਰ, ਹਮਾਸ ਨੂੰ 48 ਬੰਧਕਾਂ, ਜ਼ਿੰਦਾ ਅਤੇ ਮਰੇ ਹੋਏ, ਨੂੰ ਇਜ਼ਰਾਈਲ ਨੂੰ ਸੌਂਪਣਾ ਹੈ, ਜਦਕਿ ਇਜ਼ਰਾਈਲ ਨੂੰ ਕੁੱਝ ਸ਼ਰਤਾਂ ਅਧੀਨ ਗਾਜ਼ਾ ਵਿਚ ਹਮਲੇ ਰੋਕਣ ਦੀ ਲੋੜ ਹੈ, ਹਾਲਾਂਕਿ, ਲਗਭਗ ਦੋ ਸਾਲ ਲੰਬੀ ਜੰਗ ਨੂੰ ਰੋਕਣਾ ਅਸੰਭਵ ਜਾਪਦਾ ਹੈ। ਹਮਾਸ ਅਪਣੇ ਭੰਗ ਦੇ ਖਰੜੇ 'ਤੇ ਦਸਤਖ਼ਤ ਨਹੀਂ ਕਰਨਾ ਚਾਹੁੰਦਾ। ਹਮਾਸ, ਕਤਰ ਅਤੇ ਮਿਸਰ ਦੇ ਵਿਚੋਲਿਆਂ ਨੇ ਕਿਹਾ ਹੈ ਕਿ ਹਮਾਸ ਨੂੰ ਲੱਗਦਾ ਹੈ ਕਿ ਪ੍ਰਸਤਾਵ ਇਜ਼ਰਾਈਲ ਦੇ ਹੱਕ ਵਿਚ ਤਿਆਰ ਕੀਤਾ ਗਿਆ ਹੈ। ਪ੍ਰਸਤਾਵ ਵਿਚ ਇਕ ਸੁਤੰਤਰ ਫ਼ਲਸਤੀਨੀ ਰਾਜ ਦੇ ਗਠਨ ਦਾ ਵੀ ਜ਼ਿਕਰ ਨਹੀਂ ਹੈ। ਇਸ ਲਈ, ਫ਼ਲਸਤੀਨੀ ਸੰਗਠਨ ਕੁੱਝ ਨੁਕਤਿਆਂ 'ਤੇ ਚਰਚਾ ਕਰਨਾ

ਚਾਹੁੰਦਾ ਹੈ।

**66,000 ਤੋਂ ਵੱਧ ਫਲਸਤੀਨੀ ਮਾਰੇ ਗਏ**

ਹੁਣ ਤਕ ਯੁੱਧ ਵਿਚ 66,000 ਤੋਂ ਵੱਧ ਫ਼ਲਸਤੀਨੀ ਮਾਰੇ ਗਏ ਹਨ, ਅਤੇ ਇਸ ਸਮੇਂ ਲੱਖਾਂ ਲੋਕਾਂ ਦੇ ਘਰ ਤਬਾਹ ਹੋ ਚੁੱਕੇ ਹਨ ਤੇ ਗਾਜ਼ਾ ਸ਼ਹਿਰ ਵਿਚ ਅਜੇ ਵੀ ਭਿਆਨਕ ਲੜਾਈ ਚੱਲ ਰਹੀ ਹੈ। ਭੋਜਨ ਸਪਲਾਈ ਹਫ਼ਤਿਆਂ ਤੋਂ ਬੰਦ ਹੈ, ਜਿਸ ਕਾਰਨ ਭੁੱਖਮਰੀ ਨਾਲ ਸਬੰਧਤ ਮੌਤਾਂ ਵੀ ਹੋ ਰਹੀਆਂ ਹਨ।

**ਗਾਜ਼ਾ ਨੂੰ ਭੋਜਨ ਪਹੁੰਚਾਉਣ ਦੀਆਂ ਗ਼ੈਰ-ਸਰਕਾਰੀ ਕੋਸ਼ਿਸ਼ਾਂ ਅਸਫ਼ਲ ਰਹੀਆਂ**

ਇਜ਼ਰਾਈਲੀ ਜਲ ਸੈਨਾ ਨੇ 42 ਜਹਾਜ਼ਾਂ ਦੇ ਕਾਫ਼ਲੇ ਵਿਚ ਆਖ਼ਰੀ ਜਹਾਜ਼ ਨੂੰ ਜ਼ਬਤ ਕਰ ਲਿਆ ਹੈ ਜੋ ਭੋਜਨ ਸਪਲਾਈ ਲੈ ਕੇ ਜਾ ਰਿਹਾ ਹੈ ਅਤੇ ਇਸ ਨੂੰ ਇਜ਼ਰਾਈਲੀ ਬੰਦਰਗਾਹ ਅਸ਼ਦੋਦ ਲੈ ਜਾ ਰਿਹਾ ਹੈ। ਇਨ੍ਹਾਂ ਜਹਾਜ਼ਾਂ ਤੋਂ ਹਿਰਾਸਤ ਵਿਚ ਲਏ ਗਏ ਲਗਭਗ 450 ਲੋਕਾਂ ਵਿਚੋਂ ਕੁੱਝ ਨੂੰ ਵਾਪਸ ਭੇਜਣ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ।

ਇਸ ਗ਼ੈਰ-ਸਰਕਾਰੀ ਮੁਹਿੰਮ ਦੇ ਪ੍ਰਬੰਧਕਾਂ ਨੇ ਗਾਜ਼ਾ ਦੀ ਗ਼ੈਰ-ਕਾਨੂੰਨੀ ਨਾਕਾਬੰਦੀ ਨੂੰ ਤੋੜਨ ਦੀ ਇਜ਼ਰਾਈਲ ਦੀ ਜ਼ਬਰਦਸਤੀ ਕੋਸ਼ਿਸ਼ ਦੀ ਨਿੰਦਾ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਉਹ ਭੁੱਖੇ ਲੋਕਾਂ ਲਈ ਭੋਜਨ ਸਪਲਾਈ ਲੈ ਕੇ ਜਾ ਰਹੇ ਸਨ ਪਰ ਇਸ ਮਾਨਵਤਾਵਾਦੀ ਕੰਮ ਨੂੰ ਵੀ ਰੋਕ ਦਿਤਾ ਗਿਆ, ਇਕ ਅਣਮਨੁੱਖੀ ਕੰਮ ਜਿਸ ਵਿਰੁਧ ਦੁਨੀਆਂ ਨੂੰ ਇਕਜੁੱਟ ਹੋਣਾ ਚਾਹੀਦਾ ਹੈ। ਸਵੀਡਿਸ਼ ਜਲਵਾਯੂ ਕਾਰਕੁਨ ਗ੍ਰੇਟਾ ਥਨਬਰਗ ਸਮੇਤ ਕਈ ਪ੍ਰਮੁੱਖ ਹਸਤੀਆਂ ਨੇ ਇਸ ਮੁਹਿੰਮ ਵਿਚ ਹਿੱਸਾ ਲਿਆ।

ਪਾਕਿਸਤਾਨ ਨੇ ਕਿਹਾ ਕਿ ਟਰੰਪ ਦਾ ਪ੍ਰਸਤਾਵ ਢੁਕਵਾਂ ਨਹੀਂ ਹੈ।

ਪਾਕਿਸਤਾਨ ਨੇ ਗਾਜ਼ਾ 'ਤੇ ਟਰੰਪ ਦੇ ਪ੍ਰਸਤਾਵ ਬਾਰੇ ਇਕ ਨਵਾਂ ਬਿਆਨ ਜਾਰੀ ਕੀਤਾ ਹੈ। ਪਾਕਿ-ਸਤਾਨ ਦੇ ਉਪ ਪ੍ਰਧਾਨ ਮੰਤਰੀ ਅਤੇ ਵਿਦੇਸ਼ ਮੰਤਰੀ, ਇਸਹਾਕ ਡਾਰ ਨੇ ਕਿਹਾ ਕਿ ਇਹ ਪ੍ਰਸਤਾਵ ਟਰੰਪ ਦੁਆਰਾ 22 ਸਤੰਬਰ ਨੂੰ ਨਿਊਯਾਰਕ ਵਿਚ ਮੁਸਲਿਮ ਦੇਸ਼ਾਂ ਦੇ ਨੇਤਾਵਾਂ ਨਾਲ ਕੀਤੀ ਗਈ ਚਰਚਾ ਦੇ ਅਨੁਸਾਰ ਨਹੀਂ ਹੈ। ਉਸ ਮੀਟਿੰਗ ਵਿਚ ਪਾਕਿਸਤਾਨੀ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਵੀ ਮੌਜੂਦ ਸਨ।

ਡਾਰ ਨੇ ਕਿਹਾ ਕਿ ਉਸ ਮੀਟਿੰਗ ਵਿਚ, ਮੁਸਲਿਮ ਦੇਸ਼ਾਂ ਨੇ ਗਾਜ਼ਾ ਤੋਂ ਇਜ਼ਰਾਈਲੀ ਫ਼ੌਜਾਂ ਦੀ ਪੂਰੀ ਤਰ੍ਹਾਂ ਵਾਪਸੀ ਦੀ ਸ਼ਰਤ ਦੱਸੀ ਸੀ, ਜਦਕਿ ਟਰੰਪ ਦੀ ਯੋਜਨਾ ਵਿਚ ਫ਼ੌਜਾਂ ਦੀ ਪੜਾਅਵਾਰ ਵਾਪਸੀ ਦੀ ਮੰਗ ਕੀਤੀ ਗਈ ਹੈ, ਪਰ ਇਸ ਦੇ ਲਈ ਕੋਈ ਸਮਾਂ-ਸੀਮਾ ਨਿਰਧਾਰਤ ਨਹੀਂ ਕੀਤੀ ਗਈ ਹੈ।

**ਟਰੰਪ ਦੇ 20-ਨੁਕਾਤੀ ਪ੍ਰਸਤਾਵ ਵਿਚ ਨਹੀਂ**

ਮੁਸਲਿਮ ਦੇਸ਼ਾਂ ਨੇ ਪੱਛਮੀ ਕੰਢੇ ਨੂੰ ਇਜ਼ਰਾਈਲ ਵਿਚ ਸ਼ਾਮਲ ਨਾ ਕਰਨ ਦੀ ਸ਼ਰਤ ਵੀ ਰੱਖੀ ਸੀ, ਪਰ ਇਸ ਦਾ ਵੀ ਟਰੰਪ ਦੇ 20-ਨੁਕਾਤੀ ਪ੍ਰਸਤਾਵ ਵਿਚ ਜ਼ਿਕਰ ਨਹੀਂ ਹੈ। ਡਾਰ ਨੇ ਇਹ ਗੱਲ ਪਾਕਿਸਤਾਨੀ ਸੰਸਦ ਵਿਚ ਕਹੀ। ਇਹ ਧਿਆਨ ਦੇਣ ਯੋਗ ਹੈ ਕਿ ਪਾਕਿਸਤਾਨੀ ਪ੍ਰਧਾਨ ਮੰਤਰੀ ਨੇ ਟਰੰਪ ਦੇ ਪ੍ਰਸਤਾਵ ਦਾ ਐਲਾਨ ਹੁੰਦੇ ਹੀ ਇਸ ਦਾ ਸਮਰਥਨ ਕਰਨ ਦਾ ਐਲਾਨ ਕਰ ਦਿਤਾ ਸੀ।

# ਲਿਫ਼ਟ ਵਿਚ ਫਸਣ ਕਾਰਨ 12 ਸਾਲਾਂ ਬੱਚੇ ਦੀ ਹੋਈ ਮੌਤ

**ਮਹਾਰਾਸ਼ਟਰ।** ਮਹਾਰਾਸ਼ਟਰ ਤੋਂ ਦੁਖਦਾਈ ਖਬਰ ਸਾਹਮਣੇ ਆਈ ਹੈ। ਇਥੇ ਪੁਣੇ ਦੀ ਇਕ ਹਾਊਸਿੰਗ ਸੋਸਾਇਟੀ ਵਿਚ ਲਿਫਟ ਵਿਚ ਫਸਣ ਕਾਰਨ ਇਕ 12 ਸਾਲਾ ਲੜਕੇ ਦੀ ਮੌਤ ਹੋ ਗਈ। ਪੁਲਿਸ ਨੇ ਇਹ ਜਾਣਕਾਰੀ ਦਿਤੀ। ਇਹ ਘਟਨਾ ਵੀਰਵਾਰ ਸ਼ਾਮ 5 ਵਜੇ ਸ਼ਹਿਰ ਦੇ ਚਰਹੋਲੀ ਬੁਦਰੁਕ ਖੇਤਰ ਵਿਚ ਰਾਮ ਸਮ੍ਰਿਤੀ ਸਹਿਕਾਰੀ ਸੁਸਾਇਟੀ ਵਿਚ ਵਾਪਰੀ। ਫਾਇਰ ਅਧਿਕਾਰੀਆਂ ਦੇ ਅਨੁਸਾਰ,‘‘ਬੱਚਾ ਤੀਜੀ ਅਤੇ ਚੌਥੀ ਮੰਜ਼ਿਲ ਦੇ ਵਿਚਕਾਰ ਫਸਿਆ ਹੋਇਆ ਸੀ। ਉਸ ਦਾ ਹੇਠਲਾ ਸਰੀਰ ਲਿਫਟ ਕਾਰ ਅਤੇ ਸ਼ਾਫਟ ਦੀਵਾਰ ਦੇ ਵਿਚਕਾਰ ਬੁਰੀ ਤਰ੍ਹਾਂ ਕੁਚਲਿਆ ਗਿਆ ਸੀ।’’ ਉਨ੍ਹਾਂ ਕਿਹਾ ਕਿ ਫਾਇਰ ਅਧਿਕਾਰੀ ਨੇ ਲਿਫਟ ਕੰਟਰੋਲ ਦਰਵਾਜ਼ਾ ਤੋੜ ਦਿਤਾ ਅਤੇ ਬਿਜਲੀ ਸਪਲਾਈ ਕੱਟ ਦਿਤੀ ਤਾਂ ਜੋ ਹੋਰ ਨੁਕਸਾਨ ਨਾ ਹੋਵੇ। ਬੱਚੇ ਨੂੰ ਤੁਰਤ ਨੇੜਲੇ ਹਸਪਤਾਲ ਲਿਜਾਇਆ ਗਿਆ ਜਿੱਥੇ ਇਲਾਜ ਦੌਰਾਨ ਉਸ ਨੂੰ ਮ੍ਰਿਤਕ ਐਲਾਨ ਦਿਤਾ ਗਿਆ।


SHAM LAL CHANDER ID no. 921760

BUILDING MAINTENANCE HANDYMAN
(CHECKATRADE)

Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਡੀ ਏ ਤਾਂ ਕੀ ਦੇਣਾ ਸਤੰਬਰ ਮਹੀਨੇ ਦੀ ਤਨਖਾਹ ਵੀ ਖ਼ਜ਼ਾਨੇ ਨੇ ਜ਼ੁਬਾਨੀ ਹੁਕਮਾਂ ਨਾਲ ਰੋਕੀ

## ਮੁਲਾਜ਼ਮ ਮਨਾਉਣਗੇ ਕਾਲੀ ਦਿਵਾਲੀ–ਅਧਿਆਪਕ ਆਗੂ

**ਕਪੂਰਥਲਾ, ( ਵਿਸ਼ੇਸ਼ ਪ੍ਰਤੀਨਿਧ)–** ਅਧਿਆਪਕ ਦਲ ਪੰਜਾਬ ਨੇ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਾਰਜਕਾਰੀ ਪ੍ਰਧਾਨ ਸਤਨਾਮ ਸਿੰਘ ਰੰਧਾਵਾ, ਹਰਪ੍ਰੀਤ ਸਿੰਘ ਸੰਧੂ, ਰਵਿੰਦਰਜੀਤ ਸਿੰਘ ਪੰਨੂੰ, ਵਰਿੰਦਰ ਸਿੰਘ ਕੰਬੋਜ ਤੇ ਸੁਖਦਿਆਲ ਸਿੰਘ ਝੰਡ ਨੇ ਕਿਹਾ ਸਰਕਾਰ ਦਾਅਵਾ ਕਰਦੀ ਸੀ ਕਿ ਸਾਡਾ ਖਜ਼ਾਨਾ ਭਰਿਆ ਹੋਇਆ ਪਰ ਜੁਬਾਨੀ ਹੁਕਮਾਂ ਨਾਲ ਮੁਲਾਜ਼ਮਾਂ ਦੀ ਤਨਖਾਹ ਰੋਕ ਕੇ ਸਾਬਤ ਕਰ ਰਹੇ ਹਨ ਕਿ ਖਜ਼ਾਨਾ ਬਿਲਕੁਲ ਖਾਲੀ ਹੈ ਕੇਂਦਰ ਸਰਕਾਰ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀ ਤਰਜ ਤੇ ਪੰਜਾਬ ਸਰਕਾਰ ਨੇ ਵੀ ਹਰ ਛੇ ਮਹੀਨੇ ਬਾਅਦ ਮੁਲਾਜ਼ਮਾਂ ਨੂੰ ਡੀਏ ਜਾਰੀ ਕਰਨਾ ਹੁੰਦਾ ਹੈ ਕੇਂਦਰ ਸਰਕਾਰ ਵੱਲੋਂ ਆਪਣੀ ਮੁਲਾਜ਼ਮਾਂ ਤੇ ਪੈਨਸ਼ਰਾਂ ਨੂੰ ਮਿਲਣ ਵਾਲਾ ਮਹਿੰਗਾਈ ਦੀ ਭੱਤਾ 3 ਫੀਸਦੀ ਦਰ ਨਾਲ 1 ਜੁਲਾਈ 2025 ਤੋਂ 55 ਫੀਸਦ ਤੋਂ ਵਧਾ ਕੇ 58 ਫੀਸਦੀ ਕਰ ਦਿੱਤਾ ਗਿਆ ਪਰ ਪੰਜਾਬ ਸਰਕਾਰ ਦੇ ਮੁਲਾਜ਼ਮ ਅਤੇ ਪੈਨਸ਼ਨਰ ਪਿਛਲੇ ਕਾਫੀ ਸਮੇਂ ਤੋਂ 42 ਫੀਸਦੀ ਮਹਿੰਗਾਈ ਭੱਤਾ ਲੈ ਰਹੇ ਹਨ ਪੰਜਾਬ ਸਰਕਾਰ ਦੇ ਮੁਲਾਜ਼ਮ ਕੇਂਦਰ ਦੇ ਮੁਲਾਜ਼ਮਾਂ ਨਾਲੋਂ 16% ਮਹਿੰਗਾਈ ਭੱਤਾ ਘੱਟ ਖਜ਼ਾਨਾ ਖਾਲੀ ਹੋਣ ਦਾ ਸਬੂਤ ਹੈ ਅਧਿਆਪਕ ਦਲ ਪੰਜਾਬ ਪੰਜਾਬ ਦੇ ਵਿੱਤ ਮੰਤਰੀ ਤੋਂ ਪੁਰਜੋਰ ਮੰਗ ਕਰਦਾ ਹੈ ਕਿ ਦਿਵਾਲੀ ਦੇ ਪਵਿੱਤਰ ਤਿਉਹਾਰ ਨੂੰ ਮੁੱਖ ਰੱਖਦਿਆਂ ਪੰਜਾਬ ਦੇ ਲੱਖਾਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀ ਡੀਏ ਦਾ ਬਕਾਏ ਦੀਆਂ ਪੰਜ ਕਿਸ਼ਤਾਂ ਜੋ ਕਿ 16 ਫੀਸਦੀ ਹੈ ਤੁਰੰਤ ਜਾਰੀ ਕੀਤੀਆਂ ਜਾਣ ਅਤੇ ਡੀਏ ਦੀਆਂ ਕਿਸ਼ਤਾਂ ਦਾ ਬਕਾਇਆ ਵੀ ਤੁਰੰਤ ਜਾਰੀ ਕੀਤਾ ਜਾਵੇ। ਇਸ ਤੋਂ ਇਲਾਵਾ ਅਧਿਆਪਕ ਦਲ ਦੇ ਸੀਨੀਅਰ ਆਗੂ ਧਰਮ ਸਿੰਘ ਰਈਏਵਾਲ, ਅਵਤਾਰ ਸਿੰਘ ਢਡੋਗਲ, ਜਸਕੇਵਲ ਸਿੰਘ ਗੋਲੇਵਾਲੀਆ, ਭੁਪਿੰਦਰ ਸਿੰਘ ਚਾਹਲ, ਹਰਮਿੰਦਰ ਸਿੰਘ ਤਾਜਪੁਰ ,ਭਜਨ ਸਿੰਘ ਮਾਨ, ਬਲਦੇਵ ਸਿੰਘ ਬਸਰਾ , ਲੈਕਚਰਾਰ ਰਜੇਸ਼ ਜੋਲੀ, ਅਮਰਜੀਤ ਸਿੰਘ ਬਰਾੜ, ਕੁਲਦੀਪ ਸਿੰਘ ਸ਼ਾਹਕੋਟ, ਬਲਬੀਰ ਸਿੰਘ ਚੀਮਾਂ , ਰਮੇਸ਼ ਕੁਮਾਰ ਭੇਟ, ਦਿਲਬਾਗ ਸਿੰਘ ਪੱਡਾ ,ਕੁਲਵਿੰਦਰ ਸਿੰਘ ਬਰਾੜ , ਤਰਸੇਮ ਪਾਲ, ਰਾਜਦੀਪ ਸਿੰਘ ਬਰੇਟਾ, ਸੁਰਿੰਦਰ ਸਿੰਘ ਜੌਹਲ , ਦਲਵਿੰਦਰ ਝਿੱਕਾ ,ਹਰਦੇਵ ਸਿੰਘ ਖਾਨੋਵਾਲ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਤਿਉਹਾਰਾ ਦੇ ਦਿਨਾਂ ਵਿੱਚ ਅਧਿਆਪਕਾਂ ਨੂੰ ਬੇਲੋੜੇ ਕੰਮਾਂ ਸੈਮੀਨਾਰ ,ਮੇਲੇ ,ਸੀ ਈ ਪੀ ਟੈਸਟਾਂ, ਹੜਾਂ ਸਬੰਧੀ ਡਿਊਟੀਆਂ, ਪਰਾਲੀ ਸਾੜਨ ਸਬੰਧੀ ਡਿਊਟੀਆਂ, ਬੀ ਐਲ ਉ ਡਿਊਟੀਆਂ ਦੀ ਅਧਿਆਪਕ ਦਲ ਪੰਜਾਬ ਨੇ ਨਿਖੇਧੀ ਕਰਦਿਆਂ ਕਿਹਾ ਸਰਕਾਰ ਜਾਣਬੁਝ ਕੇ ਮੁਲਾਜ਼ਮਾਂ ਨੂੰ ਹੋਰ ਪਾਸੇ ਉਲਝਾ ਰਹੀ ਕਿ ਉਹ ਆਪਣੀਂ ਹੱਕੀ ਮੰਗਾਂ ਵੱਲ ਧਿਆਨ ਨਾ ਦੇਣ।

## ਸੈਂਟਰ ਸਕੂਲ ਡਡਵਿੰਡੀ ( ਮਸੀਤਾਂ) ਵਿਖੇ ਵੱਖ ਵੱਖ ਸਕੂਲ ਮੈਨੇਜਮੈਂਟ ਕਮੇਟੀਆਂ ਦੀ ਇੱਕ ਰੋਜ਼ਾ ਟ੍ਰੇਨਿੰਗ ਵਰਕਸ਼ਾਪ ਆਯੋਜਿਤ

**ਕਪੂਰਥਲਾ, ( ਵਿਸ਼ੇਸ਼ ਪ੍ਰਤੀਨਿਧ )–** ਸਿੱਖਿਆ ਵਿਭਾਗ ਵੱਲੋਂ ਸਰਕਾਰੀ ਸਕੂਲਾਂ ਵਿੱਚ ਨਵਗਠਿਤ ਸਕੂਲ ਮੈਨੇਜਮੈਂਟ ਕਮੇਟੀਆਂ ਦੇ ਮੈਂਬਰਾਂ ਨੂੰ ਟ੍ਰੇਨਿੰਗ ਦੇਣ ਤਹਿਤ ਸਰਕਾਰੀ ਐਲੀਮੈਂਟਰੀ ਸਕੂਲ ਡਡਵਿੰਡੀ ਬਲਾਕ ਮਸੀਤਾਂ ਵਿਖੇ ਇੱਕ ਰੋਜਾ ਟ੍ਰੇਨਿੰਗ ਦਾ ਆਯੋਜਨ ਕੀਤਾ ਗਿਆ । ਜਿਸ ਵਿੱਚ ਕਲਸਟਰ ਡਡਵਿੰਡੀ ਦੇ ਵੱਖ-ਵੱਖ ਸਕੂਲਾਂ ਦੇ ਐਸ ਐਮ ਸੀ ਚੇਅਰਮੈਨ ਮੈਂਬਰ ਅਤੇ ਸਿੱਖਿਆ ਸ਼ਾਸਤਰੀਆਂ ਵੱਲੋਂ ਭਾਗ ਲਿਆ ਗਿਆ। ਸੈਂਟਰ ਹੈੱਡ ਟੀਚਰ ਮੀਨਾਕਸ਼ੀ ਸ਼ਰਮਾ ਦੀ ਦੇਖ ਵਿੱਚ ਹੋਈ ਇਸ ਵਰਕਸ਼ਾਪ ਨੂੰ ਸੰਬੋਧਨ ਕਰਦਿਆਂ ਸਿੱਖਿਆ ਸ਼ਾਸਤਰੀ ਮਾਸਟਰ ਭੁਪਿੰਦਰ ਸਿੰਘ ਮੋਠਾਂਵਾਲਾ ਨੇ ਕਿਹਾ ਕਿ ਸਕੂਲਾਂ ਦੀ ਕਾਇਆ ਕਲਪ ਕਰਨ ਵਿੱਚ ਅਧਿਆਪਕਾਂ ਦੇ ਨਾਲ ਨਾਲ ਸਕੂਲ ਮੈਨੇਜਮੈਂਟ ਕਮੇਟੀਆਂ ਦਾ ਵੀ ਵੱਡਮੁੱਲਾ ਯੋਗਦਾਨ ਹੈ। ਉਹਨਾਂ ਐਸ ਐਮ ਸੀ ਚੇਅਰਮੈਨ ਅਤੇ ਮੈਂਬਰਾਂ ਨੂੰ ਅਪੀਲ ਕੀਤੀ ਕਿ ਸਕੂਲ ਦੀ ਤਰੱਕੀ ਸਭ ਦੀ ਜਿੰਮੇਵਾਰੀ ਤਹਿਤ ਸਕੂਲਾਂ ਦੇ ਬਣਾਏ ਦੇ ਵਿਕਾਸ ਲਈ ਅਧਿਆਪਕਾਂ ਦਾ ਸਹਿਯੋਗ ਦੇਣ ਸਕੂਲਾਂ ਅੰਦਰ ਵਿਦਿਆਰਥੀਆਂ ਦੀ ਵੱਧ ਤੋਂ ਵੱਧ ਹਾਜ਼ਰੀ ਯਕੀਨੀ ਬਣਾਉਣ ਤਾਂ ਜੋ ਸਰਕਾਰੀ ਸਕੂਲਾਂ ਵਿੱਚ ਮਿਲਣ ਵਾਲੀਆਂ ਸਹੂਲਤਾਂ ਜਿਵੇਂ ਕਿ ਮੁਫਤ ਕਿਤਾਬਾਂ, ਮੁਫਤ ਵਰਦੀਆਂ, ਦੁਪਹਿਰ ਦਾ ਖਾਣਾ ਤੇ ਹੋਰ ਸਹੂਲਤਾਂ ਦਾ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਲਾਭ ਪਹੁੰਚ ਸਕੇ। ਗੁਰਪ੍ਰੀਤ ਸਿੰਘ ਬੀ ਆਰ ਸੀ ਮਸੀਤਾਂ ਅਤੇ ਸ਼੍ਰੀ ਰਾਜੂ ਅਧਿਆਪਕ ਸਰਕਾਰੀ ਐਲੀਮੈਂਟਰੀ ਸਕੂਲ ਡੇਰਾ ਸੈਯਦਾਂ ਵੱਲੋਂ ਬਹੁਤ ਹੀ ਸਚੁੱਜੇ ਢੰਗ ਨਾਲ ਡਿਜੀਟਲ ਤਕਨੀਕ ਦੀ ਵਰਤੋਂ ਕਰਦਿਆ ਟ੍ਰੇਨਿੰਗ ਸੈਸ਼ਨ ਨੂੰ ਬਹੁਤ ਰੋਚਕ ਬਣਾਈ ਰੱਖਿਆ ਗਿਆ। ਇਸ ਮੌਕੇ ਨੇ ਵੀ ਸੰਬੋਧਨ ਕੀਤਾ। ਦੋ ਫੇਜਾਂ ਵਿੱਚ ਹੋਈ ਟ੍ਰੇਨਿੰਗ ਵਰਕਸ਼ਾਪ ਦੌਰਾਨ ਹਾਜ਼ਰ ਮੈਂਬਰਾਂ ਨੂੰ ਚਾਹ ਪਾਣੀ ਦੇ ਨਾਲ ਨਾਲ ਰਿਫਰੈਸ਼ਮੈਂਟ ਵੀ ਮੁਹੱਈਆ ਕਰਵਾਈ ਗਈ । ਇਸ ਮੌਕੇ ਤੇ ਹੈੱਡ ਟੀਚਰ ਹਰਜਿੰਦਰ ਸਿੰਘ ਢੋਟ, ਹੈੱਡ ਟੀਚਰ ਰਜਿੰਦਰ ਸਿੰਘ ਜਸਵੀਰ ਸਿੰਘ ਚੀਮਾ, ਭੁਪਿੰਦਰ ਸਿੰਘ,ਰਾਧੇ,ਮਿਡਲ ਸਕੂਲਾਂ ਦੇ ਮੁਖੀ, ਅਧਿਆਪਕ ਤੇ ਐੱਸ ਐੱਮ ਸੀ ਕਮੇਟੀਆਂ ਦੇ ਮੈਂਬਰ ਹਾਜ਼ਰ ਸਨ।

## ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਮਹਾਨ ਕੀਰਤਨ ਦਰਬਾਰ 12 ਅਕਤਬਰ ਨੂੰ

**ਬੰਗਾ ( ਚਰਨਜੀਤ ਸੱਲ੍ਹਾਂ)** ਗੁਰ-ਮਤਿ ਪ੍ਰਚਾਰ ਰਾਗੀ ਸਭਾ (ਰਜਿ) ਬੰਗਾ ਵੱਲੋਂ ਗੁਰਦੁਆਰਾ ਚਰਨ ਕਵੰਲ ਪਾਤਸ਼ਾਹੀ ਛੇਵੀਂ ਜੀਂਦੋਵਾਲ ਬੰਗਾ ਵਿਖੇ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਮਹਾਨ ਕੀਰਤਨ ਦਰਬਾਰ 12 ਅਕਤੂਬਰ ਦਿਨ ਐਤਵਾਰ ਨੂੰ ਸ਼ਾਮ 4 ਤੋਂ 10 ਵਜੇ ਰਾਤ ਤੱਕ ਕਰਵਾਇਆ ਜਾ ਰਿਹਾ ਹੈ। ਇਹ ਜਾਣਕਾਰੀ ਭਾਈ ਜੋਗਾ ਸਿੰਘ ਪ੍ਰਧਾਨ ਨੇ ਪੱਤਰਕਾਰਾਂ ਨੂੰ ਗੁਰਮਤਿ ਪ੍ਰਚਾਰ ਰਾਗੀ ਸਭਾ ਦੀ ਅੱਜ ਹੋਈ ਵਿਸ਼ੇਸ਼ ਮੀਟਿੰਗ ਬਾਅਦ ਦਿੱਤੀ। ਭਾਈ ਸਾਹਿਬ ਨੇ ਦੱਸਿਆ ਕਿ ਇਸ ਸਮਾਗਮ ਵਿਚ ਭਾਈ ਸਰੂਪ ਸਿੰਘ ਹਜ਼ੂਰੀ ਰਾਗੀ ਜਥਾ ਸੱਚਖੰਡ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਾਲਿਆਂ ਤੋਂ ਇਲਾਵਾ ਗੁਰਮਤਿ ਪ੍ਰਚਾਰ ਰਾਗੀ ਸਭਾ ਦੇ ਸਮੂਹ ਰਾਗੀ ਜਥਿਆਂ ਵੱਲੋਂ ਵੀ ਗੁਰਬਾਣੀ ਕੀਤਰਨ ਨਾਲ ਹਾਜ਼ਰੀਆਂ ਭਰੀਆਂ ਜਾਣਗੀਆਂ । ਮਹਾਨ ਕੀਰਤਨ ਦਰਬਾਰ ਵਿਚ ਪੰਥ ਪ੍ਰਸਿੱਧ ਕਥਾ ਵਾਚਕ ਗਿਆਨੀ ਸੁਰਜੀਤ ਸਿੰਘ ਸਭਰਾ ਸ੍ਰੀ ਅੰਮ੍ਰਿਤਸਰ ਵਾਲੇ ਗੁਰਬਾਣੀ ਕਥਾ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ । ਇਸ ਤੋਂ ਪਹਿਲਾਂ ਸ਼ਾਮ 4 ਵਜੇ ਤੋਂ ਸ਼ਾਮ 6 ਵਜੇ ਤੱਕ ਇਸਤਰੀ ਸਤਿਸੰਗ ਸਭਾ ਦੇ ਮੈਂਬਰਾਂ ਵੱਲੋਂ ਸੰਗਤੀ ਰੂਪ ਵਿਚ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕੀਤੇ ਜਾਣਗੇ । ਭਾਈ ਜੋਗਾ ਸਿੰਘ ਨੇ ਦੱਸਿਆ ਕਿ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਸਮਰਪਿਤ ਮਹਾਨ ਕੀਰਤਨ ਦਰਬਾਰ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਨਵਾਂਸ਼ਹਿਰ, ਮੈਨੇਜਰ ਗੁਰਦੁਆਰਾ ਚਰਨ ਕਵੰਲ ਪਾਤਸ਼ਾਹੀ ਛੇਵੀਂ ਜੀਂਦੋਵਾਲ ਬੰਗਾ, ਇਲਾਕੇ ਦੀਆਂ ਸਮੂਹ ਧਾਰਮਿਕ ਜਥੇਬੰਦੀਆਂ, ਸਮੂਹ ਇਲਾਕਾ ਨਿਵਾਸੀ ਸਾਧ ਸੰਗਤਾਂ ਦੇ ਵੱਡਮੁੱਲੇ ਸਹਿਯੋਗ ਨਾਲ ਆਯੋਜਿਤ ਕੀਤਾ ਜਾ ਰਿਹਾ ਹੈ । ਉਨ੍ਹਾਂ ਨੇ ਸਮੂਹ ਸੰਗਤਾਂ ਨੂੰ ਸਮਾਗਮ ਵਿਚ ਪੁੱਜਣ ਦੀ ਬੇਨਤੀ ਕੀਤੀ ਹੈ । ਮਹਾਨ ਕੀਰਤਨ ਸਮਾਗਮ ਮੌਕੇ ਗੁਰੂ ਕਾ ਲੰਗਰ ਅਟੁੱਟ ਵਰਤਾਇਆ ਜਾਵੇਗਾ। ਮੀਡੀਆ ਨੂੰ ਮਹਾਨ ਕੀਰਤਨ ਦਰਬਾਰ ਦੀ ਜਾਣਕਾਰੀ ਦੇਣ ਮੌਕੇ ਭਾਈ ਜੋਗਾ ਸਿੰਘ ਪ੍ਰਧਾਨ ਗੁਰਮਤਿ ਪ੍ਰਚਾਰ ਰਾਗੀ ਸਭਾ, ਭਾਈ ਹਰਮੇਸ਼ ਸਿੰਘ ਜੀਂਦੋਵਾਲ, ਭਾਈ ਸੁਖਦੇਵ ਸਿੰਘ ਬੰਗਾ, ਭਾਈ ਮਨਜੀਤ ਸਿੰਘ ਢਾਹਾਂ ਕਲੇਰਾਂ ਵਾਲੇ, ਭਾਈ ਜੀਤ ਸਿੰਘ ਗੁਣਾਚੌਰ, ਹਰਪ੍ਰੀਤ ਸਿੰਘ ਪੱਦੀ ਮੱਟਵਾਲੀ, ਗਿਆਨੀ ਪਲਵਿੰਦਰ ਸਿੰਘ ਕਥਾਵਾਚਕ, ਗਿਆਨੀ ਦੇਸਾ ਸਿੰਘ ਹੈੱਡ ਗ੍ਰੰਥੀ, ਗਿਆਨੀ ਹਜ਼ੂਰ ਸਿੰਘ, ਭਾਈ ਸਤਨਾਮ ਸਿੰਘ ਹਜ਼ੂਰੀ ਰਾਗੀ, ਚਰਨਜੀਤ ਸਿੰਘ, ਜਤਿੰਦਰ ਸਿੰਘ, ਸਤਵੀਰ ਸਿੰਘ ਜੀਂਦੋਵਾਲ ਅਤੇ ਸਭਾ ਦੇ ਹੋਰ ਮੈਂਬਰ ਹਾਜ਼ਰ ਸਨ ।

**ਗੁਰਦੁਆਰਾ ਚਰਨ ਕਵੰਲ ਪਾਤਸ਼ਾਹੀ ਛੇਵੀਂ ਜੀਂਦੋਵਾਲ ਬੰਗਾ ਵਿਖੇ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਨੂੰ ਸਮਰਪਿਤ ਮਹਾਨ ਕੀਰਤਨ ਦਰਬਾਰ ਦਾ ਬੈਨਰ ਜਾਰੀ ਕਰਦੇ ਹੋਏ ਗੁਰਮਤਿ ਪ੍ਰਚਾਰ ਰਾਗੀ ਸਭਾ ਦੇ ਪ੍ਰਧਾਨ ਭਾਈ ਜੋਗਾ ਸਿੰਘ ਅਤੇ ਸਭਾ ਦੇ ਮੈਂਬਰ।**

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਬਸਪਾ ਪੰਜਾਬ ਵੱਲੋਂ 9 ਅਕਤੂਬਰ ਨੂੰ ਫਿਲੌਰ ਵਿਖੇ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੇ ਪ੍ਰੀਨਿਰਵਾਣ ਦਿਵਸ ਮੌਕੇ ਇੱਕ ਇਤਿਹਾਸਕ ਰੈਲੀ ਕੀਤੀ ਜਾਵੇਗੀ : ਕਰੀਮਪੁਰੀ

**ਫਗਵਾੜਾ (ਚਰਨਜੀਤ ਸੱਲ੍ਹਾਂ )ਬਹੁਜਨ** ਸਮਾਜ ਪਾਰਟੀ ਪੰਜਾਬ ਵੱਲੋਂ ਪੰਜਾਬ ਸੰਭਾਲੋ ਮੁਹਿਮ ਤਹਿਤ ਤਖਤ ਬਦਲ ਦਿਓ ਤਾਜ ਬਦਲ ਦਿਓ ਮਹਾਂ ਰੈਲੀ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੇ ਪ੍ਰੀ ਨਿਰਮਾਣ ਦਿਵਸ ਨੂੰ ਸਮਰਪਿਤ ਫਿਲੌਰ ਵਿਖੇ ਕੀਤੀ ਜਾ ਰਹੀ ਹੈ ਜਿਸ ਵਿੱਚ ਪਹੁੰਚਣ ਲਈ ਪਿੰਡ ਮਹਿਸਮਪੁਰ ਵਿਖੇ ਮੀਟਿੰਗ ਕੀਤੀ ਗਈ ਅਤੇ ਬਸਪਾ ਯੂਨਿਟ ਮਹਿਸਮਪੁਰ ਵਲੋਂ ੍ਰੀ ਸ੍ਰੀ ਵਿਜੈ ਮਡਾਰਾ ਜੀ ਦੁਆਰਾ ਰੈਲੀ ਲਈ ਆਰਥਿਕ ਸਹਿਯੋਗ ਡਾ ਅਵਤਾਰ ਸਿੰਘ ਕਰੀਮਪੁਰੀ ਜੀ ਪ੍ਰਧਾਨ ਬਸਪਾ ਪੰਜਾਬ ਨੂੰ ਸੌਂਪਦੇ ਹੋਏ ਬਸਪਾ ਯੂਨਿਟ ਮਹਿਸਮਪੁਰ ਦੇ ਸਾਥੀ ਅਤੇ ਵੱਡੀ ਗਿਣਤੀ ਵਿੱਚ ਪਹੁੰਚਣ ਦਾ ਵਿਸਵਾਸ਼ ਦੁਆਇਆ ! ਇਸ ਮੌਕੇ ਤੇ ਕਰੀਮਪੁਰੀ ਸਾਹਿਬ ਨੇ ਲੋਕਾਂ ਨੂੰ ਦੱਸਿਆ ਕਿ 78 ਸਾਲ ਹੋ ਗਏ ਹਨ ਸਾਨੂੰ ਆਜ਼ਾਦ ਹੋਇਆ ਨੂੰ ਪਰ ਉਸ ਆਜ਼ਾਦੀ ਦਾ ਸੁੱਖ ਸਾਨੂੰ ਨਹੀਂ ਮਿਲਿਆ ਕਾਂਗਰਸ ਪਾਰਟੀ, ਅਕਾਲੀ ਪਾਰਟੀ, ਭਾਜਪਾ ਪਾਰਟੀ ਅਤੇ ਸਭ ਤੋਂ ਵੱਧ ਲਾਅਰੇ ਲਾਉਂਣ ਵਾਲੀ ਪਾਰਟੀ ਆਮ ਆਦਮੀ ਪਾਰਟੀ ਜਿਨ੍ਹਾਂ ਨੇ ਸਾਨੂੰ ਲਾਅਰੇ ਔਰ ਵਾਅਦਿਆਂ ਤੋਂ ਸਵਾਏ ਕੁਝ ਵੀ ਹੱਥ ਪੱਲੇ ਨਹੀਂ ਪਾਇਆ ਇਨ੍ਹਾਂ ਪਾਰਟੀਆਂ ਨੂੰ ਮੂੰਹਤੋੜ ਜਵਾਬ ਦੇਣ ਲਈ ਅਤੇ ਬਸਪਾ ਦੇ ਬਾਨੀ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੂੰ ਯਾਦ ਕਰਨ ਲਈ ਫਿਲੌਰ ਪਹੁੰਚ ਕੇ ਆਪਣੀ ਹਾਜ਼ਰੀ ਲਗਵਾਓ ਇਸ ਮੌਕੇ ਕੋਆਰਡੀਨੇਟਰ ਗੁਰਨਾਮ ਸਿੰਘ ਕੋਟ ਫਤੂਹੀ ਅਤੇ ਪਾਰਟੀ ਦੇ ਵੱਡੇ ਵੱਡੇ ਆਗੂ, ਵਰਕਰ ਹਾਜ਼ਰ ਸਨ।

ਸਮਾਜ ਵੀਕਲੀ ਨਿਊਜ

# ਸਰਕਾਰੀ ਕਾਲਜ ਜਾਡਲਾ ਵਿਖੇ ਡਿਪਟੀ ਡਾਇਰੈਕਟਰ ਹਰਜਿੰਦਰ ਸਿੰਘ ਨੇ ਬਤੌਰ ਪ੍ਰਿੰਸੀਪਲ ਅਹੁਦਾ ਸੰਭਾਲਿਆ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** 1 ਅਕਤੂਬਰ 2025 ਨੂੰ ਐਸ. ਡੀ. ਐਸ. ਸਰਕਾਰੀ ਕਾਲਜ, ਜਾਡਲਾ ਵਿੱਚ ਇਕ ਮਹੱਤਵਪੂਰਨ ਮੌਕਾ ਰਿਹਾ ਜਦੋਂ ਡਾ. ਹਰਜਿੰਦਰ ਸਿੰਘ, ਜੋ ਕਿ ਡਿਪਟੀ ਡਾਇਰੈਕਟਰ, ਉੱਚੇਰੀ ਸਿੱਖਿਆ ਵਿਭਾਗ ਦੇ ਤੌਰ ਤੇ ਵੀ ਸੇਵਾ ਨਿਭਾ ਰਹੇ ਹਨ, ਨੇ ਕਾਲਜ ਦੇ ਨਵੇਂ ਪ੍ਰਿੰਸਿਪਲ ਵਜੋਂ ਚਾਰਜ ਸੰਭਾਲਿਆ। ਕਾਲਜ ਦੇ ਸਾਰੇ ਸਟਾਫ ਨੇ ਉਨ੍ਹਾਂ ਦਾ ਗਰਮਜੋਸ਼ੀ ਨਾਲ ਸੁਆਗਤ ਕੀਤਾ। ਇਸ ਮੌਕੇ ਤੇ ਪ੍ਰਿੰਸਿਪਲ ਡਾ. ਹਰਜਿੰਦਰ ਸਿੰਘ ਨੇ ਸਟਾਫ ਮੈਂਬਰਾਂ ਨਾਲ ਇੱਕ ਅਧਿਕਾਰਿਕ ਮੀਟਿੰਗ ਕੀਤੀ ਅਤੇ ਉਨ੍ਹਾਂ ਨੂੰ ਸਿਖਲਾਈ-ਸਿਖਲਾਈ ਪ੍ਰਕਿਰਿਆ ਵਿੱਚ ਗੰਭੀਰਤਾ, ਸਮੇਂ ਦੀ ਪਾਬੰਦੀ ਅਤੇ ਵਿਦਿਆਰਥੀਆਂ ਪ੍ਰਤੀ ਸਮਰਪਿਤ ਰਹਿਣ ਲਈ ਨਿਰਦੇਸ਼ ਦਿੱਤੇ। ਮੀਟਿੰਗ ਤੋਂ ਬਾਅਦ ਉਨ੍ਹਾਂ ਨੇ ਕਾਲਜ ਅਤੇ ਕਲਾਸਾਂ ਦਾ ਦੌਰਾ ਕੀਤਾ ਅਤੇ ਵਿਦਿਆਰਥੀਆਂ ਨਾਲ ਸੰਵਾਦ ਕੀਤਾ। ਵਿਦਿਆਰਥੀਆਂ ਨਾਲ ਗੱਲਬਾਤ ਦੌਰਾਨ ਉਨ੍ਹਾਂ ਨੇ ਕਠਿਨ ਮਿਹਨਤ, ਸੱਚਾਈ ਅਤੇ ਕਾਲਜ ਵੱਲੋਂ ਪ੍ਰਦਾਨ ਕੀਤੀਆਂ ਸੁਵਿਧਾਵਾਂ ਦਾ ਪੂਰਾ ਲਾਭ ਲੈਣ ਲਈ ਪ੍ਰੇਰਿਤ ਕੀਤਾ। ਪ੍ਰਿੰਸਿਪਲ ਡਾ. ਹਰਜਿੰਦਰ ਸਿੰਘ ਨੇ ਕਾਲਜ ਦੇ ਸਟਾਫ ਦੀ ਮਿਹਨਤ, ਕਾਲਜ ਦੀਆਂ ਸੁਵਿਧਾਵਾਂ ਅਤੇ ਵਿਦਿਆਰਥੀਆਂ ਦੇ ਉਤਸ਼ਾਹ ਦੀ ਖ਼ਾਸ ਤੌਰ 'ਤੇ ਪ੍ਰਸ਼ੰਸਾ ਕੀਤੀ। ਉਨ੍ਹਾਂ ਦੇ ਆਉਣ ਨਾਲ ਕਾਲਜ ਦੇ ਮਾਹੌਲ ਵਿੱਚ ਨਵੀਂ ਉਮੀਦ ਅਤੇ ਸਕਾਰਾਤਮਕਤਾ ਦੀ ਲਹਿਰ ਦਿਖਾਈ ਦਿੱਤੀ।

ਸਮਾਜ ਵੀਕਲੀ ਨਿਊਜ

for more news visit:
www.samajweekly.com

# ਢਾਹਾਂ ਕਲੇਰਾਂ ਹਸਪਤਾਲ ਦੇ ਡਾ. ਮਾਨਵਦੀਪ ਸਿੰਘ ਬੈਂਸ ਵੱਲੋਂ ਮਰੀਜ਼ ਦੀ ਲੱਤ ਦੀਆਂ ਫੁੱਲੀਆਂ ਨਾੜਾਂ ਦਾ ਸਫਲ ਅਪਰੇਸ਼ਨ

ਹਸਪਤਾਲ ਢਾਹਾਂ ਕਲੇਰਾਂ ਵਿਖੇ ਮਰੀਜ਼ ਅਮਿਤੋਜ ਸਿੰਘ ਨਾਲ ਡਾ. ਮਾਨਵਦੀਪ ਸਿੰਘ ਬੈਂਸ, ਡਾ. ਦੀਪਕ ਦੁੱਗਲ ਤੇ ਹਸਪਤਾਲ ਸਟਾਫ਼ ਨਾਲ ਖੁਸ਼ੀ ਭਰੇ ਮਾਹੌਲ ਵਿਚ।

**ਬੰਗਾ (ਚਰਨਜੀਤ ਸੱਲ੍ਹਾਂ)** ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਜਰਨਲ ਤੇ ਲੈਪਰੋਸਕੋਪਿਕ ਅਪਰੇਸ਼ਨਾਂ ਦੇ ਮਾਹਿਰ ਡਾ. ਮਾਨਵਦੀਪ ਸਿੰਘ ਬੈਂਸ ਐਮ.ਐਸ. ਵੱਲੋਂ 18 ਸਾਲ ਦੇ ਮਰੀਜ਼ ਦੀ ਲੱਤ ਦੀਆਂ ਫੁੱਲੀਆਂ ਨਾੜਾਂ (ਵੈਰੀਕੋਜ਼ ਵੇਨਜ਼) ਦਾ ਸਫਲ ਅਪਰੇਸ਼ਨ ਕਰਨ ਦਾ ਸਮਾਚਾਰ ਹੈ । ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਰਾਮਗੜ੍ਹ ਦੇ ਵਾਸੀ 18 ਸਾਲਾ ਅਮਿਤੋਜ ਸਿੰਘ ਦੀਆਂ ਲੱਤਾਂ ਦੀਆਂ ਫੁੱਲੀਆਂ ਨਾੜਾਂ ਦੀ ਬਿਮਾਰੀ ਕਰਕੇ ਕਾਫੀ ਸਮੇਂ ਤੋਂ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਸਨ । ਜਿਸ ਕਰਕੇ ਲੱਤਾਂ ਤੇ ਪੈਰ ਸੁੱਜ ਜਾਂਦੇ ਸਨ ਅਤੇ ਰੋਜ਼ਾਨਾ ਜੀਵਨ ਦੇ ਕੰਮ-ਕਾਰ ਕਰਨਾ ਵੀ ਬਹੁਤ ਮੁਸ਼ਕਿਲ ਹੋ ਗਿਆ ਸੀ । ਉਹਨਾਂ ਹਸਪਤਾਲ ਢਾਹਾਂ ਕਲੇਰਾਂ ਵਿਖੇ ਮਾਹਿਰ ਸਰਜਨ ਡਾ. ਮਾਨਵਦੀਪ ਸਿੰਘ ਬੈਂਸ ਤੋਂ ਆਪਣੀ ਜਾਂਚ ਕਰਵਾਈ । ਡਾ. ਬੈਂਸ ਵੱਲੋਂ ਬਿਮਾਰੀ ਦੀ ਜਾਂਚ ਕਰਨ ਉਪਰੰਤ ਮਰੀਜ਼ ਅਮਿਤੋਜ ਸਿੰਘ ਦੀਆਂ ਲੱਤਾਂ ਦੀਆਂ ਫੁੱਲੀਆਂ ਨਾੜਾਂ ਦਾ ਅਪਰੇਸ਼ਨ ਕੀਤਾ ਗਿਆ ਅਤੇ ਅਪਰੇਸ਼ਨ ਉਪਰੰਤ 24 ਘੰਟੇ ਵਿਚ ਹੀ ਮਰੀਜ਼ ਨੂੰ ਤੰਦਰੁਸਤ ਕਰਕੇ ਚੱਲਣ-ਫਿਰਨ ਕਾਬਲ ਬਣਾ ਦਿੱਤਾ ਹੈ । ਡਾ. ਬੈਂਸ ਨੇ ਦੱਸਿਆ ਕਿ ਹੁਣ ਫੁੱਲੀਆਂ ਨਾੜਾਂ ਦੇ ਮਰੀਜ਼ਾਂ ਨੂੰ ਨਵੀ ਤਕਨੀਕ ਨਾਲ ਅਪਰੇਸ਼ਨ ਕਰਕੇ ਵੱਡੇ ਕੱਟ ਤੇ ਟਾਂਕੇ ਲਗਾਉਣ ਦੀ ਜਰੂਰਤ ਨਹੀ ਪੈਂਦੀ ਹੈ, ਨਾ ਹੀ ਰੀੜ੍ਹ ਦੀ ਹੱਡੀ ਵਾਲਾ ਟੀਕਾ ਲਾਇਆ ਜਾਂਦਾ ਹੈ । ਅਪਰੇਸ਼ਨ ਉਪਰੰਤ ਸ਼ਾਮ ਨੂੰ ਹੀ ਮਰੀਜ਼ ਨੂੰ ਹਸਪਤਾਲ ਤੋਂ ਛੁੱਟੀ ਮਿਲ ਜਾਂਦੀ ਹੈ । ਇੱਕ ਦਿਨ ਦੇ ਬਾਅਦ ਮਰੀਜ਼ ਰੋਜ਼ਾਨਾ ਦੇ ਸਾਰੇ ਕੰਮ ਕਾਰ ਖੁਦ ਕਰ ਸਕਦਾ ਹੈ । ਡਾ. ਬੈਂਸ ਨੇ ਆਮ ਲੋਕਾਂ ਨੂੰ ਜਾਣਕਾਰੀ ਦਿੰਦੇ ਦੱਸਿਆ ਕਿ ਦੇਰ ਤੱਕ ਖੜ੍ਹੇ ਰਹਿਣ ਕਰਕੇ ਲੱਤਾਂ ਦੀਆਂ ਨਾੜੀਆਂ 'ਚ ਖ਼ੂਨ ਦਾ ਦਬਾਅ ਵੱਧ ਜਾਂਦਾ ਹੈ । ਇਹ ਨਾੜੀਆਂ ਲੱਤਾਂ ਵਿਚੋਂ ਦੀ ਘੱਟ ਆਕਸੀਜਨ ਵਾਲਾ ਖ਼ੂਨ ਇਕੱਠਾ ਕਰ ਕੇ ਦਿਲ ਵੱਲ ਲਿਆਉਂਦੀਆਂ ਹਨ, ਉਹਨਾਂ 'ਚ ਪੱਤਿਆਂ ਵਰਗੇ ਵਾਲਵ ਫਿੱਟ ਹੁੰਦੇ ਹਨ, ਜੋ ਖ਼ੂਨ ਨੂੰ ਵਾਪਸ ਪੈਰਾਂ ਵੱਲ ਨੂੰ ਜਾਣ ਤੋਂ ਰੋਕਦੇ ਹਨ । ਜਦੋਂ ਲੱਤਾਂ ਵਿਚ ਲੰਬੇ ਸਮੇਂ ਤੱਕ ਹਰਕਤ ਘੱਟ ਹੁੰਦੀ ਹੈ ਤਾਂ ਇਹ ਨਾੜੀਆਂ ਫੁੱਲ ਜਾਂਦੀਆਂ ਹਨ । ਜਿਸ ਕਰਕੇ ਲੱਤਾਂ ਵਿਚ ਦਰਦ ਦੇ ਨਾਲ ਸੋਜ ਵੀ ਪੈ ਜਾਂਦੀ ਹੈ । ਜੋ ਇਸ ਬਿਮਾਰੀ ਦਾ ਮੁੱਖ ਕਾਰਨ ਬਣਦੀ ਹੈ । ਇਸ ਲਈ ਇਸ ਬਿਮਾਰੀ ਤੋਂ ਬਚਾਅ ਲਈ ਰੋਜ਼ਾਨਾ ਲੱਤਾਂ ਦੀ ਕਸਰਤ ਕਰਨੀ ਜਰੂਰੀ ਹੈ । ਇਸ ਮੌਕੇ ਹਪਸਤਾਲ ਪ੍ਰਬੰਧਕ ਟਰੱਸਟ ਦੇ ਪ੍ਰਧਾਨ ਡਾ. ਕੁਲਵਿੰਦਰ ਸਿੰਘ ਢਾਹਾਂ ਨੇ ਜਰਨਲ ਤੇ ਲੈਪਰੋਸਕੋਪਿਕ ਅਪਰੇਸ਼ਨਾਂ ਦੇ ਮਾਹਿਰ ਡਾ. ਮਾਨਵਦੀਪ ਸਿੰਘ ਬੈਂਸ , ਐਨੇਥੀਸੀਆ ਮਾਹਿਰ ਡਾ. ਦੀਪਕ ਦੁੱਗਲ ਤੇ ਸਮੂਹ ਸਟਾਫ ਨੂੰ ਸ਼ਾਨਦਾਰ ਅਪਰੇਸ਼ਨ ਕਰਨ ਦੀਆਂ ਵਧਾਈਆਂ ਦਿੱਤੀਆਂ । ਮਰੀਜ਼ ਅਮਿਤੋਜ ਸਿੰਘ ਨੇ ਉਸ ਦੀਆਂ ਲੱਤ ਦੀਆਂ ਫੁੱਲੀਆਂ ਨਾੜਾਂ ਦਾ ਵਧੀਆ ਅਪਰੇਸ਼ਨ ਕਰਨ ਲਈ ਡਾ. ਮਾਨਵਦੀਪ ਸਿੰਘ ਬੈਂਸ ਅਤੇ ਹਸਪਤਾਲ ਪ੍ਰਬੰਧਕਾਂ ਦਾ ਹਾਰਦਿਕ ਧੰਨਵਾਦ ਕੀਤਾ। ਉਹਨਾਂ ਦੱਸਿਆ ਕਿ ਹੁਣ ਉਹ ਵਾਲੀਵਾਲ ਵੀ ਖੇਡਦੇ ਹਨ ਅਤੇ ਪੂਰੀ ਤਰ੍ਹਾਂ ਤੰਦਰੁਸਤ ਹੈ । ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਡਾ. ਮਾਨਵਦੀਪ ਸਿੰਘ ਬੈਂਸ ਪਿੱਤੇ ਦੀ ਪੱਥਰੀ, ਹਰਨੀਆਂ, ਫਿਸ਼ਰ, ਅਪੈਂਡਿਕਸ, ਹਾਈਡਰੋਸੀਲ, ਲੱਤਾਂ ਦੀਆਂ ਫੁੱਲੀਆਂ ਨਸਾਂ, ਬਵਾਸੀਰ, ਭਗੰਦਰ ਆਪਰੇਸ਼ਨ, ਮੋਟਾਪਾ ਘਟਾਉਣ, ਪੇਟ ਦੇ ਰੋਗਾਂ ਦਾ ਇਲਾਜ ਤੇ ਅਪਰੇਸ਼ਨਾਂ ਦੇ ਮਾਹਿਰ ਡਾਕਟਰ ਹਨ । ਹਸਪਤਾਲ ਢਾਹਾਂ ਕਲੇਰਾਂ ਵਿਖੇ ਸਰਜਰੀ ਵਿਭਾਗ ਵਿਚ ਹਰ ਤਰ੍ਹਾਂ ਦੇ ਵੱਡੇ ਅਤੇ ਦੂਰਬੀਨੀ ਅਪਰੇਸ਼ਨ ਕਰਨ ਲਈ ਆਧੁਨਿਕ ਯੰਤਰ ਅਤੇ ਨਵੀਨਤਮ ਪ੍ਰਬੰਧ ਹਨ । ਇਸ ਮੌਕੇ ਡਾ. ਜਸਦੀਪ ਸਿੰਘ ਸੈਣੀ ਮੈਡੀਕਲ ਸੁਪਰਡੈਂਟ ਅਤੇ ਮੈਡਮ ਦਵਿੰਦਰ ਕੌਰ ਨਰਸਿੰਗ ਸੁਪਰਡੈਂਟ ਵੀ ਹਾਜ਼ਰ ਸਨ ।

ਸਮਾਜ ਵੀਕਲੀ ਨਿਊਜ

# ਪਿੰਡ ਬੀਰੋਵਾਲ 'ਚ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਾਉਣ ਬਾਰੇ ਕੀਤਾ ਜਾਗਰੂਕ

**ਨਵਾਂਸ਼ਹੁਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਜ਼ਿਲ੍ਹਾ ਪ੍ਰੋਗਰਾਮ ਅਫਸਰ ਕਮ ਕਲਸਟਰ ਅਫਸਰ ਜਗਰੂਪ ਸਿੰਘ ਦੀ ਅਗਵਾਈ ਹੇਠ ਬਣਾਈ ਗਈ ਟੀਮ ਟੀਮ ਵੱਲੋਂ ਪਿੰਡ ਬੀਰੋਵਾਲ ਅਤੇ ਜਾਡਲਾ ਵਿਖੇ ਆਮ ਜਨਤਾ ਨੂੰ ਪਰਾਲੀ ਦੀ ਸਾਂਭ ਸੰਭਾਲ ਕਰਨ ਲਈ ਜਾਗਰੂਕਤਾ ਕੈਂਪ ਲਾਇਆ ਗਿਆ। ਟੀਮ ਵੱਲੋਂ ਬੀਰੋਵਾਲ ਦੇ ਸਰਪੰਚ ਅਤੇ ਪੰਚ ਕੋਲੋਂ ਪਿੰਡ ਵਿਚ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਾਉਣ ਸਬੰਧੀ ਜਾਗਰੂਕ ਕੀਤਾ। ਟੀਮ ਵਲੋਂ ਕਿਸਾਨ ਵੀਰਾਂ ਨੂੰ ਵਾਤਾਵਰਨ ਦੀ ਸਾਂਭ ਸੰਭਾਲ ਕਰਨ ਅਤੇ ਨਾੜ ਜਾਂ ਪਰਾਲੀ ਨੂੰ ਅੱਗ ਨਾ ਲਾਉਣ ਦਾ ਸੱਦਾ ਦਿੱਤਾ ਗਿਆ। ਵਾਤਾਵਰਨ ਦੀ ਮਹੱਤਤਾ ਦੇ ਨਾਲ ਨਾਲ ਪਰਾਲੀ ਨੂੰ ਅੱਗ ਲਾਉਣ ਨਾਲ ਹੋਣ ਵਾਲੇ ਨੁਕਸਾਨ ਨੂੰ ਵਿਸਥਾਰ ਨਾਲ ਦੱਸਿਆ ਗਿਆ ਅਤੇ ਸਮਝਾਇਆ ਗਿਆ ਕਿ ਪਰਾਲੀ ਨੂੰ ਅੱਗ ਲਾਉਣ ਨਾਲ ਕੁਦਰਤੀ ਸਰੋਤਾਂ ਦਾ ਨੁਕਸਾਨ ਤਾਂ ਹੁੰਦਾ ਹੀ ਹੈ ਸਗੋਂ ਮਨੁੱਖੀ ਸਿਹਤ, ਮਿੱਟੀ ਦੀ ਉਪਜਾਊ ਸ਼ਕਤੀ ਅਤੇ ਮਿੱਤਰ ਕੀੜਿਆਂ ਨੂੰ ਵੀ ਨੁਕਸਾਨ ਪੁੱਜਦਾ ਹੈ। ਖੇਤੀ ਮਾਹਰਾਂ ਨੇ ਦੱਸਿਆ ਕਿ ਪਰਾਲੀ ਨੂੰ ਅੱਗ ਲਾਉਣ 'ਤੇ ਉੱਠਣ ਵਾਲੇ ਧੂੰਏਂ ਨਾਲ ਸਿਰਫ ਸਿਹਤ ਤੇ ਮਾੜਾ ਅਸਰ ਹੀ ਨਹੀਂ ਸਗੋਂ ਬਿਮਾਰੀ ਲੱਗਣ ਦਾ ਵੀ ਖਤਰਾ ਰਹਿੰਦਾ ਹੈਂਡ ਇਸ ਮੌਕੇ ਮੌਜੂਦ ਜ਼ਿਲ੍ਹਾ ਪ੍ਰੋਗਰਾਮ ਅਫਸਰ ਜਗਰੂਪ ਸਿੰਘ ਵੱਲੋਂ ਕਿਸਾਨਾਂ ਨੂੰ ਅਪੀਲ ਕਰਦੇ ਹੋਏ ਕਿਹਾ ਗਿਆ ਕਿ ਇਸ ਵਾਰ ਜ਼ਿਲ੍ਹੇ ਵਿੱਚ ਪਰਾਲੀ ਨੂੰ ਅੱਗ ਲਾਉਣ ਦੇ ਮਾਮਲਿਆਂ ਦਾ ਟੀਚਾ ਇਸ ਖਰੀਫ਼ ਸੀਜ਼ਨ ਦੌਰਾਨ ਸਿਫਰ ਮਿਥਿਆ ਗਿਆ ਹੈ ਜੋ ਕਿ ਸਾਰਿਆਂ ਦੇ ਸਹਿਯੋਗ ਨਾਲ ਹੀ ਪੂਰਾ ਕੀਤਾ ਜਾ ਸਕਦਾ ਹੈ ਅਤੇ ਜੇਕਰ ਲੋਕ ਪਰਾਲੀ ਨੂੰ ਅੱਗ ਨਾ ਲਾਉਣ ਦਾ ਟੀਚਾ ਪੂਰਾ ਕਰਨਾ ਹੈ ਅਤੇ ਆਪਣੇ ਆਸ ਪਾਸ ਦੇ ਵਾਤਾਵਰਣ ਦੀ ਸੁਰੱਖਿਆ ਕਰਨੀ ਹੈ ਤਾਂ ਸਾਨੂੰ ਆਪਣੇ ਸਮਾਜ ਵਿਚ ਰਹਿਣ ਵਾਲੇ ਲੋਕਾਂ ਨੂੰ ਪਰਾਲੀ ਨੂੰ ਅੱਗ ਨਾ ਲਗਾਉਣ ਬਾਰੇ ਜਾਗਰੂਕ ਕਰਨਾ ਪਵੇਗਾ। ਇਸ ਮੌਕੇ ਜਗਰੂਪ ਸਿੰਘ ਕਲਸਟਰ ਅਫਸਰ, ਸੁਪਰੀਆ ਠਾਕੁਰ ਜ਼ਿਲ੍ਹਾ ਮਿਸ਼ਨ ਕੋਆਰਡੀਨੇਟਰ, ਗੌਰਵ ਸ਼ਰਮਾ ਬਾਲ ਸੁਰੱਖਿਆ ਅਫਸਰ, ਕਾਜਲ ਡੀਈਓ, ਦੀਪਕ ਬੰਗਾ ਕੇਸ ਵਰਕਰ ਦੇ ਨਾਲ ਨਾਲ ਸੰਬੰਧਿਤ ਪਿੰਡਾਂ ਦੇ ਸਰਪੰਚ ਲੰਬੜਦਾਰ ਅਤੇ ਪਿੰਡ ਨਿਵਾਸੀ ਮੌਜੂਦ ਸਨ।

for more news visit:
www.samajweekly.com

# ਪ੍ਰੋਜੈਕਟ ਜੀਵਨ ਜੋਤ 2.0-ਜਿਲੇ 'ਚ ਬਾਲ ਭਿਖਿਆ ਖ਼ਿਲਾਫ਼ ਚੈਕਿੰਗ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਡਾਇਰੈਕਟਰ ਇਸਤਰੀ ਤੇ ਬਾਲ ਵਿਕਾਸ ਵਿਭਾਗ ਦੇ ਨਿਰਦੇਸ਼ਾਂ ਅਤੇ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਵੱਲੋ ਬਾਲ ਭਿੱਖਿਆ ਖਿਲਾਫ ਪ੍ਰੋਜੈਕਟ ਜੀਵਨ ਜੋਤ 2.0 ਨੂੰ ਸਖ਼ਤਾਈ ਨਾਲ ਲਾਗੂ ਕਰਨ ਦੀਆਂ ਹਦਾਇਤਾਂ ਤਹਿਤ ਜਿਲ੍ਹਾ ਟਾਸਕ ਫੋਰਸ ਵਲੋਂ ਬੱਸ ਸਟੈਂਡ ਰੋਡ, ਗੜਸ਼ੰਕਰ ਰੋਡ ਅਤੇ ਬੰਗਾ ਰੋਡ 'ਤੇ ਬਾਲ ਭਿੱਖਿਆ ਖਿਲਾਫ ਚੈਕਿੰਗ ਕੀਤੀ ਗਈ। ਜਿਲਾ ਪ੍ਰੋਗਰਾਮ ਅਫਸਰ ਜਗਰੂਪ ਸਿੰਘ ਦੀ ਅਗਵਾਈ ਹੇਠ ਹੋਈ ਚੈਕਿੰਗ ਬਾਰੇ ਜਿਲਾ ਬਾਲ ਸੁਰੱਖਿਆ ਅਫਸਰ ਕੰਚਨ ਅਰੋੜਾ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਬਾਲ ਭਿੱਖਿਆ ਸਬੰਧੀ ਹੋ ਰਹੀਆਂ ਲਗਾਤਾਰ ਚੈਕਿੰਗਾਂ ਸਦਕਾ ਅੱਜ ਟੀਮ ਨੂੰ ਕੋਈ ਵੀ ਬੱਚਾ ਭੀਖ ਮੰਗਦੇ ਹੋਏ ਨਹੀਂ ਮਿਲਿਆ। ਉਨ੍ਹਾਂ ਦੱਸਿਆ ਕਿ ਜਿਲਾ ਬਾਲ ਸੁਰੱਖਿਆ ਯੂਨਿਟ ਦੀ ਟੀਮ ਵੱਲੋਂ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਤੋਂ ਭੀਖ ਨਾ ਮੰਗਵਾਉਣ ਅਤੇ ਮਜ਼ਦੂਰੀ ਨਾ ਕਰਵਾਉਣ ਸਬੰਧੀ ਜਨਤਾ ਨੂੰ ਲਗਾਤਾਰ ਜਾਗਰੂਕ ਕੀਤਾ ਜਾ ਰਿਹਾ ਹੈ ਅਤੇ ਜੇ ਕੋਈ ਬੱਚਾ ਬਾਲ ਭਿੱਖਿਆ ਕਰਦੇ ਹੋਏ ਪਾਇਆ ਜਾਂਦਾ ਹੈ ਤਾ ਯੂਨਿਟ ਵੱਲੋਂ ਬੱਚਿਆਂ ਦੀ ਉਮਰ ਅਨੁਸਾਰ ਉਨ੍ਹਾਂ ਨੂੰ ਸਕੂਲ ਵਿਚ ਦਾਖਲ ਕਰਵਾਇਆ ਜਾਵੇਗਾ ਅਤੇ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਵੱਖ ਵੱਖ ਸਕੀਮਾਂ ਦਾ ਲਾਭ ਦਿੱਤਾ ਜਾਵੇਗਾ। ਇਸ ਮੌਕੇ ਮੌਜੂਦ ਬਾਲ ਸੁਰੱਖਿਆ ਅਫਸਰ ਰਜਿੰਦਰ ਕੌਰ ਵੱਲੋਂ ਦੁਕਾਨਦਾਰਾਂ ਅਤੇ ਆਮ ਜਨਤਾ ਨੂੰ ਜਾਗਰੂਕ ਕੀਤਾ ਗਿਆ ਕਿ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਤੋਂ ਭੀਖ ਮੰਗਵਾਉਣਾ ਕਾਨੂੰਨੀ ਤੌਰ 'ਤੇ ਅਪਰਾਧ ਹੈ । ਬਾਲ ਭਿੱਖਿਆ ਨੂੰ ਜੜ ਤੋਂ ਖਤਮ ਕਰਨ ਲਈ ਬੱਚਿਆਂ ਅਤੇ ਉਨ੍ਹਾ ਦੇ ਮਾਂਪਿਆਂ ਦੀ ਕਾਊਂਸਲਿੰਗ ਕੀਤੀ ਜਾਣੀ ਬਣਦੀ ਹੈ ਤਾਂ ਜੋ ਬੱਚਿਆਂ ਤੋ ਭੀਖ ਮੰਗਵਾਉਣ ਦੀ ਬਜਾਏ ਉਨ੍ਹਾਂ ਨੂੰ ਸਿੱਖਿਆ ਨਾਲ ਜੋੜਨ ਲਈ ਸਕੂਲ ਭੇਜਣ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਸਿਰਜਣਾ ਹੋ ਸਕੇ। ਕੰਚਨ ਅਰੋੜਾ ਨੇ ਕਿਹਾ ਕਿ ਬੱਚਿਆਂ ਤੋਂ ਭੀਖ ਮੰਗਵਾਉਣ ਵਾਲਿਆਂ 'ਤੇ ਜੁਵੇਨਾਈਲ ਜਸਟਿਸ ਐਕਟ ਅਧੀਨ ਕਾਰਵਾਈ ਕੀਤੀ ਜਾਵੇਗੀ। ਇਸਦੇ ਨਾਲ ਹੀ ਅਪੀਲ ਕੀਤੀ ਗਈ ਕਿ ਜੇਕਰ ਕਿਸੇ ਵੀ ਵਿਅਕਤੀ ਨੂੰ 18 ਸਾਲ ਤੋਂ ਘੱਟ ਉਮਰ ਦਾ ਕੋਈ ਬੱਚਾ ਭੀਖ ਮੰਗਦਾ ਹੋਇਆ ਦਿਖਾਈ ਦਿੰਦਾ ਹੈ ਤਾਂ ਇਸ ਸਬੰਧੀ ਜਾਣਕਾਰੀ ਜਿਲਾ ਬਾਲ ਸੁਰੱਖਿਆ ਯੂਨਿਟ ਕਮਰਾ ਨੰਬਰ 416 ਤੀਜੀ ਮੰਜ਼ਿਲ ਡੀਸੀ ਦਫਤਰ ਜਾਂ ਚਾਇਲਡ ਹੈਲਪਲਾਈਨ ਨੰਬਰ 1098 'ਤੇ ਦਿੱਤੀ ਜਾਣੀ ਯਕੀਨੀ ਬਣਾਈ ਜਾਵੇ। ਚੈਕਿੰਗ ਟੀਮ ਵਿੱਚ ਬਾਲ ਸੁਰੱਖਿਆ ਅਫਸਰ ਰਜਿੰਦਰ ਕੌਰ ਸੀਪੀਓ ਅਤੇ ਦੀਪਕ ਕੇਸ ਵਰਕਰ, ਸੀਡੀਪੀਓ ਦਫਤਰ ਤੋਂ ਸੁਪਰਵਾਈਜ਼ਰ ਹਰਭਜਨ ਕੌਰ, ਸਿੱਖਿਆ ਵਿਭਾਗ ਤੋਂ ਪ੍ਰਾਇਮਰੀ ਟੀਚਰ ਮੋਹਿਤ ਗੁੰਬਰ,ਸਿਹਤ ਵਿਭਾਗ ਤੋਂ ਡਾਕਟਰ ਰੁਪਿੰਦਰ ਸਿੰਘ, ਪੁਲਿਸ ਵਿਭਾਗ ਤੋਂ ਅਵਤਾਰ ਸਿੰਘ ਏ ਐਸ ਆਈ ਵੀ ਮੌਜੂਦ ਸਨ।

# ਸਿੱਖ ਨੈਸ਼ਨਲ ਕਾਲਜ ਬੰਗਾ ਦਾ ਆਰਟਸ ਵਿਭਾਗ ਲਗਾਤਾਰ ਤੀਜੀ ਵਾਰ ਬਣਿਆ "ਪਰਵਾਜ਼ 2025" ਦਾ ਓਵਰਆਲ ਚੈਂਪੀਅਨ

**ਬੰਗਾ/ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਸਿੱਖ ਨੈਸ਼ਨਲ ਕਾਲਜ ਬੰਗਾ ਦੇ ਕਲਾ ਤੇ ਸੱਭਿਆਚਾਰ ਵਿਭਾਗ ਵੱਲੋਂ ਪ੍ਰਿੰਸੀਪਲ ਡਾ ਤਰਸੇਮ ਸਿੰਘ ਭਿੰਡਰ ਦੀ ਰਹਿਨੁਮਾਈ ਹੇਠ ਤਿੰਨ ਰੋਜ਼ਾ "ਪਰਵਾਜ਼ 2025" ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਅੰਤਰ ਵਿਭਾਗ ਸਹਿ-ਵਿਦਿਅਕ ਮੁਕਾਬਲੇ ਕਰਵਾਏ ਗਏ ਤੇ ਆਰਟਸ ਵਿਭਾਗ ਲਗਾਤਾਰ ਤੀਜੀ ਵਾਰ ਚੈਂਪੀਅਨ ਬਣਿਆ। ਇਨ੍ਹਾਂ ਮੁਕਾਬਲਿਆਂ ਵਿੱਚ 200 ਦੇ ਕਰੀਬ ਵਿਦਿਆਰਥੀਆਂ ਨੇ ਭਾਗ ਲੈ ਕੇ ਆਪੋ-ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਸਮਾਗਮ ਦੇ ਆਖਰੀ ਦਿਨ ਪ੍ਰਿੰਸੀਪਲ ਮਨਜੀਤ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਮੂਲੀਅਤ ਕੀਤੀ। ਉਨ੍ਹਾਂ ਨਾਲ ਪ੍ਰੋ. ਪਰਗਣ ਸਿੰਘ (ਰਿਟਾ.) ਤੇ ਜਰਨੈਲ ਸਿੰਘ ਪੱਲੀ ਝਿੱਕੀ (ਸਕੱਤਰ) ਨੇ ਵੀ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਪ੍ਰਿੰ. ਡਾ. ਤਰਸੇਮ ਸਿੰਘ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਨੂੰ ਆਖਿਆ ਤੇ ਭਾਗੀਦਾਰ ਵਿਦਿਆਰਥੀਆਂ ਨੂੰ ਸ਼ੁੱਭ ਇਛਾਵਾਂ ਭੇਟ ਕੀਤੀਆਂ। ਸਮਾਗਮ ਦੇ ਪਹਿਲੇ ਦਿਨ ਫਾਈਨ ਆਰਟਸ (ਰੰਗੋਲੀ,ਪੇਂਟਿੰਗ,ਫੋਟੋਗ੍ਰਾਫੀ) ਦੂਜੇ ਦਿਨ ਸਾਹਿਤਕ ਮੁਕਾਬਲੇ (ਕਵਿਤਾ,ਭਾਸ਼ਣ,ਡੀਬੇਟ) ਤੇ ਆਖ਼ਰੀ ਦਿਨ ਸੰਗੀਤ,ਥੀਏਟਰ ਤੇ ਲੋਕ ਨਾਚਾਂ ਦੇ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ 'ਚ

64.5 ਅੰਕਾਂ ਨਾਲ ਆਰਟਸ ਵਿਭਾਗ ਨੇ ਓਵਰਆਲ ਚੈਂਪੀਅਨ ਟਰਾਫ਼ੀ ਤੇ ਕਬਜ਼ਾ ਕੀਤਾ। ਕੰਪਿਊਟਰ ਵਿਭਾਗ 58 ਅੰਕਾਂ ਨਾਲ ਦੂਜੇ, ਕਾਮਰਸ ਵਿਭਾਗ 44.5 ਅੰਕਾਂ ਨਾਲ ਤੀਜੇ ਤੇ 39 ਅੰਕਾਂ ਨਾਲ ਸਾਇੰਸ ਵਿਭਾਗ ਚੌਥੇ ਸਥਾਨ 'ਤੇ ਰਿਹਾ। ਇਸ ਮੌਕੇ ਪ੍ਰਿੰਸੀਪਲ ਸਾਹਿਬ ਨੇ ਸਮੂਹ ਵਿਭਾਗਾਂ ਦੀ ਭਰਵੀਂ ਭਾਗੀਦਾਰੀ 'ਤੇ ਖ਼ੂਬ ਸ਼ਲਾਘਾ ਕੀਤੀ। ਡਾ. ਗੁਰਵਿੰਦਰ ਸਿੰਘ (ਡੀਨ ਕਲਾ ਤੇ ਸੱਭਿਆਚਾਰ ਵਿਭਾਗ) ਨੇ ਮਹਿਮਾਨਾਂ ਦੀ ਸ਼ਿਰਕਤ ਅਤੇ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕਰਨ 'ਤੇ ਉਨ੍ਹਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਪ੍ਰਿੰਸੀਪਲ ਮਨਜੀਤ ਸਿੰਘ ਨੇ ਵਿਦਿਆਰਥੀਆਂ ਨੂੰ ਆਪਣੀ ਕਲਾ 'ਚ ਨਿਖ਼ਾਰ ਲਿਆਉਣ ਲਈ ਹੋਰ ਮਿਹਨਤ ਕਰਨ ਲਈ ਪ੍ਰੇਰਿਆ। ਪ੍ਰੋ. ਪਰਗਣ ਸਿੰਘ ਨੇ ਸੰਬੋਧਨ ਕਰਦਿਆਂ ਜਿੱਥੇ ਵਿਦਿਆਰਥੀਆਂ ਦੀਆਂ ਪੇਸ਼ਕਾਰੀਆਂ ਦੀ ਸ਼ਲਾਘਾ ਕੀਤੀ ਉੱਥੇ ਨਾਲ ਹੀ ਬੋਲੀਆਂ ਗਾ ਕੇ ਖ਼ੂਬ ਰੰਗ ਬੰਨਿਆ। ਆਏ ਹੋਏ ਮਹਿਮਾਨਾਂ ਨੂੰ ਯਾਦਗਾਰੀ ਸਨਮਾਨ ਚਿੰਨ੍ਹ ਭੇਟ ਕੀਤੇ ਗਏ। ਮੰਚ ਸੰਚਾਲਨ ਡਾ. ਨਿਰਮਲਜੀਤ ਕੌਰ, ਪ੍ਰੋ. ਤਜਿੰਦਰ ਸਿੰਘ ਤੇ ਪ੍ਰੋ. ਪੂਜਾ ਨੇ ਕੀਤਾ। ਜੇਤੂ ਵਿਦਿਆਰਥੀਆਂ ਨੂੰ ਪ੍ਰਮਾਣ ਪੱਤਰ ਅਤੇ ਵਿਭਾਗਾਂ ਨੂੰ ਟਰਾਫ਼ੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰੋ. ਆਬਿਦ ਵੱਕਾਰ, ਡਾ. ਇੰਦੂ ਰੱਤੀ, ਡਾ. ਸੁਨਿਧੀ ਮਿਗਲਾਨੀ, ਡਾ. ਅੰਮ੍ਰਿਤ ਕੌਰ, ਡਾ. ਹਰਜੋਤ ਸਿੰਘ, ਡਾ. ਸੋਨਾ ਬਾਂਸਲ, ਡਾ. ਕਮਲਦੀਪ ਕੌਰ, ਡਾ. ਦਵਿੰਦਰ ਕੌਰ, ਡਾ. ਰਾਜੇਸ਼ ਸ਼ਰਮਾ, ਡਾ.ਜੋਤੀ ਪ੍ਰਕਾਸ਼, ਪ੍ਰੋ. ਵਿਪਨ, ਮਨਮੰਤ ਸਿੰਘ ਲਾਇਬ੍ਰੇਰੀਅਨ ਪ੍ਰੋ. ਤਵਿੰਦਰ ਕੌਰ, ਪ੍ਰੋ. ਨੀਲਮ, ਪ੍ਰੋ. ਨੈਨਸੀ, ਪ੍ਰੋ.ਸਿਖਾ, ਪ੍ਰੋ. ਸ਼ਾਮ ਸਿੰਘ, ਭੰਗੜਾ ਕੋਚ ਪਵਨ ਕੁਮਾਰ ਅਤੇ ਗੁਰਪ੍ਰੀਤ ਸਿੰਘ ਹਾਜ਼ਰ ਸਨ।

# ਅੰਡਰ-15 ਮਹਿਲਾ ਕ੍ਰਿਕਟ ਟੂਰਨਾਮੈਂਟ ਵਿੱਚ ਹੁਸ਼ਿਆਰਪੁਰ ਨੇ ਕਪੂਰਥਲਾ ਨੂੰ ਹਰਾ ਕੇ ਚਾਰ ਅੰਕ ਹਾਸਲ ਕੀਤੇ: ਡਾ. ਰਮਨ ਘਈ

## ਹੁਸ਼ਿਆਰਪੁਰ ਦੀ ਉਪ-ਕਪਤਾਨ ਅੰਨੱਈਆ ਠਾਕੁਰ ਨੇ ਸ਼ਾਨਦਾਰ 50 ਦੌੜਾਂ ਬਣਾਈਆਂ

**ਹੁਸ਼ਿਆਰਪੁਰ (ਤਰਸੇਮ ਦੀਵਾਨਾ)** - ਪੰਜਾਬ ਕ੍ਰਿਕਟ ਐਸੋਸੀਏਸ਼ਨ ਵੱਲੋਂ ਕਰਵਾਏ ਗਏ ਅੰਤਰ-ਜ਼ਿਲ੍ਹਾ ਮਹਿਲਾ ਅੰਡਰ-15 ਕ੍ਰਿਕਟ ਟੂਰਨਾਮੈਂਟ ਵਿੱਚ ਹੁਸ਼ਿਆਰਪੁਰ ਦੀ ਟੀਮ ਨੇ ਕਪੂਰਥਲਾ ਜ਼ਿਲ੍ਹਾ ਟੀਮ ਨੂੰ ਚਾਰ ਦੌੜਾਂ ਨਾਲ ਹਰਾ ਕੇ ਚਾਰ ਅੰਕ ਹਾਸਲ ਕੀਤੇ। ਜਾਣਕਾਰੀ ਦਿੰਦੇ ਹੋਏ ਐਚਡੀਸੀਏ ਦੇ ਸਕੱਤਰ ਡਾ. ਰਮਨ ਘਈ ਨੇ ਦੱਸਿਆ ਕਿ ਹੁਸ਼ਿਆਰਪੁਰ ਵਿੱਚ ਖੇਡੇ ਗਏ 35 ਓਵਰਾਂ ਦੇ ਮੈਚ ਵਿੱਚ ਕਪੂਰਥਲਾ ਦੀ ਟੀਮ ਨੇ ਟਾਸ ਜਿੱਤ ਕੇ ਪਹਿਲਾਂ ਗੇਂਦਬਾਜ਼ੀ ਕਰਨ ਦਾ ਫੈਸਲਾ ਕੀਤਾ। ਪਹਿਲਾਂ ਬੱਲੇਬਾਜ਼ੀ ਕਰਦੇ ਹੋਏ ਹੁਸ਼ਿਆਰਪੁਰ ਨੇ 35 ਓਵਰਾਂ ਵਿੱਚ ਨੌਂ ਵਿਕਟਾਂ ਦੇ ਨੁਕਸਾਨ 'ਤੇ 111 ਦੌੜਾਂ ਬਣਾਈਆਂ। ਹੁਸ਼ਿਆਰਪੁਰ ਦੀ ਅਗਵਾਈ ਉਪ-ਕਪਤਾਨ ਅੰਨੱਈਆ ਠਾਕੁਰ ਕਰ ਰਹੀ ਸੀ, ਜਿਸਨੇ ਸ਼ਾਨਦਾਰ 50 ਦੌੜਾਂ ਬਣਾਈਆਂ। ਅੰਨੱਈਆ ਤੋਂ

ਇਲਾਵਾ, ਮਾਹਿਕ ਠਾਕੁਰ ਨੇ 17, ਧਰੁਵਿਕਾ ਸੇਠ ਨੇ 14 ਅਤੇ ਪ੍ਰਤੀਕਾ ਨੇ 12 ਦੌੜਾਂ ਬਣਾਈਆਂ। ਕਪੂਰਥਲਾ ਲਈ ਗੇਂਦਬਾਜ਼ੀ ਕਰਦੇ ਹੋਏ, ਪਵਨ-ਜੋਰ ਨੇ ਹੁਸ਼ਿਆਰਪੁਰ ਦੇ ਚਾਰ ਖਿਡਾਰੀਆਂ ਨੂੰ ਆਊਟ ਕੀਤਾ। 35 ਓਵਰਾਂ ਵਿੱਚ 112 ਦੌੜਾਂ ਦਾ ਟੀਚਾ ਰੱਖਦੇ ਹੋਏ, ਕਪੂਰਥਲਾ 32.1 ਓਵਰਾਂ ਵਿੱਚ ਸਿਰਫ਼ 107 ਦੌੜਾਂ 'ਤੇ ਆਊਟ ਹੋ ਗਿਆ, ਜਿਸ ਵਿੱਚ ਸੁਖਮਨਲੀਨ ਕੌਰ ਨੇ 64 ਦੌੜਾਂ ਬਣਾਈਆਂ। ਕਾਸ਼ਵੀ ਰਾਣਾ, ਕਪਤਾਨ ਧਰੁਵਿਕਾ ਸੇਠ, ਅਤੇ ਅੰਨੱਈਆ ਠਾਕੁਰ, ਸੋਨੀ ਕੁਮਾਰੀ, ਅੰਸ਼ਿਕਾ ਅਤੇ ਭੂਮਿਕਾ ਸ਼ਰਮਾ ਨੇ ਕਪੂਰਥਲਾ ਦੇ ਖਿਡਾਰੀਆਂ ਨੂੰ ਆਊਟ ਕੀਤਾ, ਜਿਸ ਨਾਲ ਮੈਚ ਚਾਰ ਦੌੜਾਂ ਨਾਲ ਜਿੱਤਿਆ। ਖਿਡਾਰੀਆਂ ਦੇ ਪ੍ਰਦਰਸ਼ਨ ਨੂੰ ਦੇਖਣ ਲਈ ਪੀਸੀਏ ਮਹਿਲਾ ਚੋਣਕਾਰ ਗੁਰਦੀਪ ਮਿਨਹਾਸ ਮੌਜੂਦ ਸਨ। ਐਚਡੀਸੀਏ ਪ੍ਰਧਾਨ ਡਾ. ਦਲਜੀਤ ਖੇਲਾ ਨੇ ਐਸੋਸੀਏਸ਼ਨ ਦੇ ਮੈਂਬਰਾਂ ਵੱਲੋਂ ਹੁਸ਼ਿਆਰਪੁਰ ਟੀਮ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਆਉਣ ਵਾਲੇ ਮੈਚਾਂ ਲਈ ਸ਼ੁਭਕਾਮਨਾਵਾਂ ਦਿੱਤੀਆਂ। ਟੀਮ ਦੇ ਕੋਚ ਦਵਿੰਦਰ ਕਲਿਆਣ, ਜ਼ਿਲ੍ਹਾ ਕੋਚ ਦਲਜੀਤ ਸਿੰਘ, ਜ਼ਿਲ੍ਹਾ ਟ੍ਰੇਨਰ ਕੁਲਦੀਪ ਧਾਮੀ, ਜੂਨੀਅਰ ਕੋਚ ਦਲਜੀਤ ਧੀਮਾਨ, ਪੰਕਜ ਪਿੰਕਾ ਅਤੇ ਦਿਨੇਸ਼ ਸ਼ਰਮਾ ਨੇ ਟੀਮ ਨੂੰ ਜਿੱਤ ਦੀ ਵਧਾਈ ਦਿੱਤੀ। ਐਚਡੀਸੀਏ ਦੇ ਚੋਣਕਾਰ ਨਰੇਸ਼ ਕਾਲੂ ਅਤੇ ਗਰਾਊਂਡਸਮੈਨ ਸੋਢੀ ਰਾਮ ਨੇ ਵੀ ਇਸ ਮੌਕੇ 'ਤੇ ਟੀਮ ਨੂੰ ਵਧਾਈ ਦਿੱਤੀ। ਡਾ. ਘਈ ਨੇ ਐਲਾਨ ਕੀਤਾ ਕਿ ਹੁਸ਼ਿਆਰਪੁਰ ਦਾ ਅਗਲਾ ਮੈਚ 6 ਅਕਤੂਬਰ ਨੂੰ ਰੋਪੜ ਵਿਰੁੱਧ ਹੋਵੇਗਾ। **ਫੋਟੋ ਅਜਮੇਰ ਦੀਵਾਨਾ**

# ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਖੂਨਦਾਨ ਕੈਂਪ ਲਾਇਆ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਸ੍ਰਿਸ਼ਟੀ ਦੀ ਚਾਦਰ ਨੌਂਵੇਂ ਪਾਤਸ਼ਾਹ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਮਹਾਰਾਜ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ (ਰਜਿ:) ਦੇ ਮੁੱਖ ਸੇਵਾਦਾਰ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਵੱਲੋਂ ਸੁਸਾਇਟੀ ਦੇ ਸੇਵਾਦਾਰ ਜਤਿੰਦਰ ਸਿੰਘ ਹੈਪੀ ਹਰਨਾਮ-ਪੁਰਾ, ਅਕਵਿੰਦਰ ਸਿੰਘ ਗੈਰੀ ਦੀ ਦੇਖ-ਰੇਖ ਹੇਠ 836ਵਾਂ ਮਹਾਨ ਖੂਨਦਾਨ ਕੈਂਪ ਗੁਰਦੁਆਰਾ ਸਾਹਿਬ ਬਾਬੇ ਸ਼ਹੀਦਾਂ ਦੀ ਪ੍ਰਬੰਧਕ ਕਮੇਟੀ ਦੇ ਸੇਵਾਦਾਰ ਸੁਖਜਿੰਦਰ ਸਿੰਘ ਸੁੱਖੀ, ਗ੍ਰਾਮ ਪੰਚਾਇਤ ਅਤੇ ਸਮੂਹ ਨਗਰ ਨਿਵਾਸੀਆਂ ਦੇ ਪੂਰਨ ਸਹਿਯੋਗ ਨਾਲ ਗੁ: ਸਾਹਿਬ ਬਾਬੇ ਸ਼ਹੀਦਾਂ,ਪਿੰਡ ਅਜਨੌਦ ਵਿਖੇ ਲਗਾਇਆ ਗਿਆ। ਇਸ ਮੌਕੇ ਤੇ ਮਹਾਨ ਖੂਨਦਾਨ ਕੈਂਪ ਦੀ ਪ੍ਰੈਸ ਨੂੰ ਜਾਣਕਾਰੀ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ ਨੇ ਦੱਸਿਆ ਸ੍ਰਿਸ਼ਟੀ ਦੀ ਚਾਦਰ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ

ਦਿਆਲਾ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਮਨੁੱਖਤਾ ਦੇ ਭਲੇ ਲਈ ਲਗਾਏ ਗਏ ਮਹਾਨ ਖੂਨਦਾਨ ਕੈਂਪ ਵਿੱਚ ਸੰਗਤਾਂ ਵੱਲੋਂ ਵੱਡੀ ਗਿਣਤੀ ਵਿੱਚ ਕੀਤਾ ਗਿਆ ਦਾਨ ਦੇ ਖੂਨ ਦਾ ਇੱਕ-ਇੱਕ ਕਤਰਾ ਲੋੜਵੰਦ ਮਰੀਜ਼ਾਂ ਨੂੰ ਨਿਸ਼ਕਾਮ ਰੂਪ ਵਿੱਚ ਦਿੱਤਾ ਜਾਵੇਗਾ। ਇਸ ਸਮੇਂ ਸਾਬਕਾ ਸਰਪੰਚ ਬਲਜੀਤ ਸਿੰਘ ਦਿਓਲ ਨੇ ਖੂਨਦਾਨੀਆਂ ਦੀ ਹੌਸਲਾ ਅਫਜ਼ਾਈ ਕਰਦਿਆਂ ਉਹਨਾਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਤੇ ਲਵਪ੍ਰੀਤ ਸਿੰਘ ਲਾਲੀ, ਅਮਰਿੰਦਰ ਸਿੰਘ ਦਿਓਲ, ਅਵਤਾਰ ਸਿੰਘ ਸਿੱਧੂ ਕਾਨੂੰਗੋ, ਮੈਨੇਜਰ ਤਲਵਿੰਦਰ ਸਿੰਘ ਹੈਪੀ, ਅਵਤਾਰ ਸਿੰਘ, ਬਾਬਾ ਬਲਜਿੰਦਰ ਸਿੰਘ, ਜੋਬਨਦੀਪ ਸਿੰਘ, ਬਲਰਾਜ ਸਿੰਘ ਸਿਧੂ, ਮੋਹਨ ਸਿੰਘ ਭੰਡਾਲ, ਸੁਖਵਿੰਦਰ ਸਿੰਘ ਰਿੰਕੂ, ਹਰਪ੍ਰੀਤ ਸਿੰਘ ਹੈਪੀ, ਪੰਚ ਬਲਜੀਤ ਸਿੰਘ, ਨਾਜਰ ਸਿੰਘ ਫੌਜੀ, ਕੁਲਵਿੰਦਰ ਸਿੰਘ, ਦਰਸ਼ਨ ਸਿੰਘ, ਗੁਰਸੇਵਕ ਸਿੰਘ, ਹਰਦੀਪ ਸਿੰਘ, ਸਵਰਨਜੀਤ ਸਿੰਘ ਗੋਲਡੀ, ਕੁਲਵੰਤ ਸਿੰਘ ਬਾਬਾ ਜਗਦੇਵ ਸਿੰਘ, ਸਰਬਜੀਤ ਸਿੰਘ ਸੋਹਲ ਅਤੇ ਗੁ:ਬਾਬੇ ਸ਼ਹੀਦਾਂ ਦੀ ਸਮੁੱਚੀ ਪ੍ਰਬੰਧਕ ਕਮੇਟੀ ਦੇ ਮੈਂਬਰ ਹਾਜ਼ਰ ਸਨ ।

# ਐਡੀਲੇਡ ਵਿੱਚ 5ਵੀਂ ਵਿਸ਼ਾਲ ਮਾਤਾ ਦੀ ਚੌਕੀ ਚ ਭਾਰੀ ਇਕੱਠ - ਭਗਤ ਕੰਠ ਕਲੇਰ ਨੇ ਭੇਟਾਂ ਗਾਇਨ ਕਰਦਿਆਂ ਸਰਧਾਲੂਆਂ ਦੇ ਜਿੱਤੇ ਦਿਲ

**ਐਡੀਲੇਡ (ਹਰਜਿੰਦਰ ਪਾਲ ਛਾਬੜਾ)** ਸਿੱਧਪੀਠ ਕਾਲੀ ਮਾਤਾ ਮੰਦਰ ਮੈਲਬੌਰਨ ਅਤੇ ਇੰਡੀਅਨ ਐਡੀਲੇਡ ਈਵੈਂਟ ਗਰੁੱਪ ਪ੍ਰਾਈਵੇਟ ਲਿਮਟਿਡ ਵੱਲੋਂ, ਰਾਹੁਲ ਸ਼ਰਮਾ, ਰੋਹਿਤ ਗੁਪਤਾ, ਸਚਿਨ ਸ਼ਰਮਾ, ਗੌਰਵ ਗੁਲਾਟੀ, ਨੀਰਜ ਕੁਮਾਰ ਅਤੇ ਜਤਿੰਦਰ ਰੱਖਰਾ ਸਮੇਤ ਹੋਰ ਸਹਿਯੋਗੀਆਂ ਦੇ ਵਿਸ਼ੇਸ਼ ਉਪਰਾਲੇ ਰਾਹੀਂ ਐਡੀਲੇਡ ਦੇ ਕ੍ਰਿਟੇਰੀਅਨ ਕਲੱਬ ਵਿਖੇ 5 ਵੀਂ ਵਿਸ਼ਾਲ ਮਾਤਾ ਦੀ ਚੌਕੀ ਬਹੁਤ ਸਰਦਾ ਸਤਕਾਰ ਨਾਲ ਮਨਾਈ ਗਈ। ਇਹ ਧਾਰਮਿਕ ਸਮਾਗਮ ਸ਼ਨੀਵਾਰ, 4 ਅਕਤੂਬਰ ਨੂੰ ਸ਼ਾਮ 5 ਵਜੇ ਸ਼ੁਰੂ ਹੋਇਆ, ਜਿਸ ਵਿੱਚ ਪਹਿਲਾਂ ਮਾਤਾ ਦੀ ਪੂਜਾ ਹੋਈ, ਫਿਰ 7 ਵਜੇ ਬੰਧਨਾ ਨਾਲ ਚੌਕੀ ਦੀ ਸ਼ੁਰੂਆਤ ਹੋਈ। ਚੌਕੀ ਦੀਆਂ ਰੌਣਕਾਂ ਨੂੰ ਹੋਰ ਵੀ ਵਧਾਉਂਦਿਆਂ, ਮਾਤਾ ਦੇ ਪ੍ਰਸਿੱਧ ਭਗਤ ਕੰਠ ਕਲੇਰ ਨੇ ਆਪਣੀ ਭਗਤੀ ਭਰੀ ਅਵਾਜ਼ 'ਚ ਮਾਤਾ ਰਾਣੀ ਦੇ ਗੁਣ ਗਾ ਕੇ ਸਾਰੀ ਸੰਗਤ ਨੂੰ ਮੰਤਰ ਮੁਗਧ ਕਰ ਦਿੱਤਾ। ਉਨ੍ਹਾਂ ਦੇ ਨਾਲ ਹੋਰ ਵੀ ਕਈ ਭਗਤਾਂ ਨੇ ਭੇਟਾਂ ਪੇਸ਼ ਕਰਕੇ ਆਪਣਾ ਸਨਮਾਨ ਪ੍ਰਗਟਾਇਆ। ਦੇਰ ਰਾਤ ਤਕ ਚੱਲੇ ਇਸ ਵਿਸ਼ੇਸ਼ ਸਮਾਗਮ ਦੌਰਾਨ ਮਾਤਾ ਦੇ ਚਰਨਾਂ ਵਿੱਚ ਸ਼ਰਧਾ ਨਾਲ ਜੋੜਨ ਵਾਲੀ ਰੌਹਾਨੀ ਊਰਜਾ ਮਹਿਸੂਸ ਕੀਤੀ

ਗਈ। ਰਾਤ ਆਰਤੀ ਹੋਈ,ਭਗਤਾਵਲੋਕ ਲਈ ਲੰਗਰ ਦੀ ਵਿਵਸਥਾ ਵੀ ਭਾਵਪੂਰਨ ਢੰਗ ਨਾਲ ਚੱਲਦੀ ਰਹੀ, ਜਿਸਨੇ ਸੇਵਾ ਦੇ ਮਹੱਤਵ ਨੂੰ ਪ੍ਰਗਟ ਕੀਤਾ। ਆਰਤੀ ਸਮੇਂ, ਪ੍ਰਬੰਧਕਾਂ ਵੱਲੋਂ ਸਾਰੀ ਸੰਗਤ ਦੀ ਸੁੱਖ, ਸ਼ਾਂਤੀ ਅਤੇ ਤਰੱਕੀ ਲਈ ਅਰਦਾਸ ਕੀਤੀ ਗਈ। ਸਮੇਂ ਸਭ ਸਹਿਯੋਗੀਆਂ, ਸਪਾਂਸਰਾਂ ਅਤੇ ਸੇਵਾਦਾਰਾਂ ਨੂੰ ਸਨਮਾਨ ਚਿੰਨ ਦੇ ਕੇ ਧੰਨਵਾਦ ਪ੍ਰਗਟ ਕੀਤਾ ਗਿਆ। ਇਹ ਧਾਰਮਿਕ ਰਾਤ ਸਿਰਫ ਇੱਕ ਸਮਾਗਮ ਨਹੀਂ, ਸਗੋਂ ਮਾਤਾ ਦੀ ਕਿਰਪਾ ਦਾ ਅਨੁਭਵ ਸੀ, ਜਿਸ ਨੇ ਹਰ ਇੱਕ ਹਿਰਦੇ ਨੂੰ ਭਗਤੀਮਈ ਰੌਸ਼ਨੀ ਨਾਲ ਰੋਸ਼ਨ ਕਰ ਦਿੱਤਾ।

# ਗੁਰਦੀਪ ਸਿੰਘ ਚੀਮਾ ਪੱਛਮੀ ਬੰਗਾਲ ਦੇ ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਦੇ ਚੇਅਰਮੈਨ ਬਾਵਾ ਨੇ ਨਿਯੁਕਤ ਕੀਤੇ

## ਬਾਬਾ ਬੰਦਾ ਸਿੰਘ ਬਹਾਦਰ ਜੀ ਦੇ 355ਵੇਂ ਜਨਮ ਉਤਸਵ 'ਤੇ 11 ਸਮਾਗਮ ਆਯੋਜਿਤ ਕੀਤੇ ਜਾਣਗੇ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)**– ਅੱਜ ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਦੀ ਮੀਟਿੰਗ ਫਾਊਂਡੇਸ਼ਨ ਦੇ ਅੰਤਰਰਾਸ਼ਟਰੀ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ ਦੀ ਸਰਪ੍ਰਸਤੀ ਹੇਠ ਰਕਬਾ ਭਵਨ ਵਿਖੇ ਹੋਈ ਜਿਸ ਵਿੱਚ ਕਲਕੱਤਾ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਗੁਰਦੀਪ ਸਿੰਘ ਚੀਮਾ (ਉੱਘੇ ਟਰਾਂਸਪੋਰਟਰ) ਨੂੰ ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਪੱਛਮੀ ਬੰਗਾਲ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਜਦਕਿ ਸੁਰਿੰਦਰ ਕੌਰ ਬਾਵਾ ਨੂੰ ਫਾਊਂਡੇਸ਼ਨ ਪੰਜਾਬ ਦੀ ਮਹਿਲਾ ਵਿੰਗ ਦੀ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ ਅਤੇ ਇੰਦਰਜੀਤ ਸਿੰਘ ਧਾਲੀਵਾਲ ਨੂੰ ਫਾਊਂਡੇਸ਼ਨ ਪੰਜਾਬ ਦਾ ਵਾਈਸ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਸਮੇਂ ਜਗਜੀਵਨ ਸਿੰਘ ਗਰੀਬ ਜਨਰਲ ਸਕੱਤਰ ਵੀ ਹਾਜ਼ਰ ਸਨ। ਇਸ ਸਮੇਂ ਬੋਲਦੇ ਸ਼੍ਰੀ ਬਾਵਾ ਨੇ ਦੱਸਿਆ ਕਿ ਮਹਾਨ ਯੋਧੇ, ਜਰਨੈਲ, ਕਿਸਾਨੀ ਦੇ ਮੁਕਤੀਦਾਤਾ ਬਾਬਾ ਬੰਦਾ ਸਿੰਘ ਬਹਾਦਰ ਜੀ ਦਾ 355ਵਾਂ ਜਨਮ ਉਤਸਵ 11 ਸਮਾਗਮ ਆਯੋਜਿਤ ਕਰਕੇ ਮਨਾਵਾਂਗੇ। ਉਹਨਾਂ ਦੱਸਿਆ ਕਿ ਪਹਿਲਾ ਸਮਾਗਮ ਸੰਤ ਸਰਬਜੋਤ ਸਿੰਘ (ਨਾਨਕਸਰ ਠਾਠ ਡਾਂਗੋ) ਨੇ ਆਯੋਜਿਤ ਕੀਤਾ ਜਦਕਿ ਦੂਸਰਾ

ਸਮਾਗਮ 5 ਅਕਤੂਬਰ ਨੂੰ ਸਵੇਰੇ 10 ਵਜੇ ਪੰਨਵਾ ਸੰਗਰੂਰ ਵਿਖੇ ਵਰਿੰਦਰ ਸਿੰਘ ਬਾਵਾ ਸਰਪੰਚ ਪੰਨਵਾ ਦੀ ਸਰਪ੍ਰਸਤੀ ਹੇਠ ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਨਵੀਂ ਬਣੀ ਇਮਾਰਤ ਵਿੱਚ ਹੋਵੇਗਾ ਜਦ ਕਿ ਤੀਸਰਾ ਸਮਾਗਮ 6 ਅਕਤੂਬਰ ਨੂੰ ਬਿਲਾਸਪੁਰ ਉੱਤਰ ਪ੍ਰਦੇਸ਼ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਗੁਰਦੁਆਰਾ ਸਾਹਿਬ ਵਿਖੇ ਦੀਵਾਨ ਸਜਣਗੇ ਜਿਸ ਦੇ ਮੁੱਖ ਪ੍ਰਬੰਧਕ ਕੁੱਲ ਹਿੰਦ ਬੈਰਾਗੀ, ਵੈਸ਼ਨਵ, ਸੁਆਮੀ ਮਹਾਂਮੰਡਲ ਉੱਤਰ ਪ੍ਰਦੇਸ਼ ਦੇ ਪ੍ਰਧਾਨ ਸੁਭਾਸ਼ ਬਾਵਾ ਹੋਣਗੇ। ਉਹਨਾਂ ਦੱਸਿਆ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਉੱਘੇ ਇਤਿਹਾਸਕਾਰ ਡਾ: ਸਵਰਾਜ ਸਿੰਘ (ਯੂ.ਐੱਸ.ਏ) ਸਮਾਗਮ ਦਾ ਆਯੋਜਨ ਕਰਨਗੇ ਅਤੇ ਜਗਦੀਸ਼ ਬਾਵਾ ਸਹਿਯੋਗੀ ਹੋਣਗੇ। ਉਹਨਾਂ ਦੱਸਿਆ ਕਿ ਮਾਨਸਾ ਵਿੱਚ ਜੀਵਨ ਦਾਸ ਬਾਵਾ ਦੀ ਰਹਿਨੁਮਾਈ ਹੇਠ ਦੋ ਸਮਾਗਮ ਹੋਣਗੇ ਅਤੇ 16 ਅਕਤੂਬਰ ਨੂੰ ਮੁੱਖ ਸਮਾਗਮ ਰਕਬਾ ਭਵਨ ਵਿਖੇ ਹੋਵੇਗਾ। ਉਨ੍ਹਾਂ ਦੱਸਿਆ ਕਿ ਪਟਿਆਲਾ ਦੇ ਸਮਾਗਮ ਵਿੱਚ ਮੈਂਬਰ ਪਾਰਲੀਮੈਂਟ ਧਰਮਵੀਰ ਗਾਂਧੀ ਵਿਸ਼ੇਸ਼ ਤੌਰ 'ਤੇ ਪੁੱਜਣਗੇ ਜਦਕਿ 16 ਅਕਤੂਬਰ ਨੂੰ ਰਕਬਾ ਭਵਨ ਵਿਖੇ ਮੈਂਬਰ ਲੋਕ ਸਭਾ ਅਮਰਿੰਦਰ ਸਿੰਘ ਰਾਜਾ ਵੜਿੰਗ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਣਗੇ। ਉਨ੍ਹਾਂ ਦੱਸਿਆ ਕਿ ਬਾਬਾ ਬੰਦਾ ਸਿੰਘ ਬਹਾਦਰ ਕਾਂਨਵੈਂਟ ਸਕੂਲ ਸਿੱਧਵਾਂ ਬੇਟ ਵਿਖੇ ਵੀ ਸਮਾਗਮ ਹੋਵੇਗਾ। ਬਾਕੀ ਸਮਾਗਮ ਆਉਣ ਵਾਲੇ ਦਿਨਾਂ ਵਿੱਚ ਨਿਸ਼ਚਿਤ ਕਰ ਦਿੱਤੇ ਜਾਣਗੇ। ਇਸ ਸਮੇਂ ਮੀਟਿੰਗ ਵਿੱਚ ਇਹ ਵੀ ਜਾਣਕਾਰੀ ਦਿੱਤੀ ਕਿ 16 ਅਕਤੂਬਰ ਨੂੰ ਰਕਬਾ ਭਵਨ ਵਿਖੇ ਅੱਖਾਂ ਦਾ ਕੈਂਪ ਸ਼ੰਕਰਾ ਆਈ ਹਸਪਤਾਲ ਵੱਲੋਂ ਲਗਾਇਆ ਜਾਵੇਗਾ। ਇਸ ਸਮੇਂ ਸਮੂਹ ਹਾਜ਼ਰੀਨ ਨੇ ਰਾਜਵੀਰ ਜਵੰਦਾ ਉੱਘੇ ਪੰਜਾਬੀ ਗਾਇਕ ਦੀ ਜਲਦੀ ਸਿਹਤਯਾਬੀ ਲਈ ਅਰਦਾਸ ਕੀਤੀ ਗਈ। ਇਸ ਸਮੇਂ ਬਿੱਟੂ ਬਾਵਾ ਪ੍ਰਚਾਰ ਸਕੱਤਰ, ਸੁੱਚਾ ਸਿੰਘ ਤੁੱਗਲ, ਸੋਨੂੰ ਮੁੱਲਾਂਪੁਰ, ਰਮਨ ਬਾਵਾ, ਕਰਨਵੀਰ ਸਿੰਘ ਚੀਮਾ ਯੂਥ ਨੇਤਾ, ਅੰਮ੍ਰਿਤਪਾਲ ਸਿੰਘ, ਕੁਲਦੀਪ ਬਾਵਾ, ਵਿੱਕੀ ਸਮਾਜ ਸੇਵੀ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਅੰਤਰਰਾਸ਼ਟਰੀ ਖੇਡ ਮੰਚ 'ਤੇ ਸੀ.ਟੀ. ਯੂਨੀਵਰਸਿਟੀ ਦੀ ਚਮਕ: ਹਰਕੁੰਵਰ ਸਿੰਘ ਨੇ ਅਮਰੀਕਾ ਤੋਂ ਵਾਪਸ ਲਿਆਂਦਾ ਮਾਣ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਸੀ.ਟੀ. ਯੂਨੀਵਰਸਿਟੀ ਆਪਣੇ ਸਟਾਰ ਟੇਬਲ ਟੇਨਿਸ ਖਿਡਾਰੀ ਹਰਕੁੰਵਰ ਸਿੰਘ ਦਾ ਗਰਵ ਨਾਲ ਸਵਾਗਤ ਕਰ ਰਹੀ ਹੈ। ਹਰਕੁੰਵਰ ਨੇ ਹਾਲ ਹੀ ਵਿੱਚ ਫਰੇਮੋਂਟ, ਅਮਰੀਕਾ ਵਿੱਚ ਹੋਈ ਾਂਠਠ ਯੂਥ ਕੰਟੈਂਡਰ ਚੈਂਪੀਅਨਸ਼ਿਪ ਵਿੱਚ ਮਿਕਸਟ ਡਬਲਜ਼ ਵਿੱਚ ਕਾਂਸੀ ਪਦਕ ਜਿੱਤ ਕੇ ਦੇਸ਼ ਅਤੇ ਯੂਨੀਵਰਸਿਟੀ ਦਾ ਨਾਂ ਰੌਸ਼ਨ ਕੀਤਾ। ਪਹਿਲੇ ਹੀ ਮੈਚ ਤੋਂ ਹਰਕੁੰਵਰ ਨੇ ਦੁਨੀਆਂ ਦੇ ਸਭ ਤੋਂ ਵਧੀਆ ਨੌਜਵਾਨ ਖਿਡਾਰੀਆਂ ਵਿੱਚ ਆਪਣੀ ਵੱਖਰੀ ਪਹਿਚਾਣ ਬਣਾਈ। ਹਰ ਸਰਵ, ਰੈਲੀ ਅਤੇ ਸਮੈਸ਼ ਵਿੱਚ ਉਹਨਾਂ ਨੇ ਨਾ ਸਿਰਫ ਆਪਣੀ ਸ਼ਾਨਦਾਰ ਖੇਡ ਕੌਸ਼ਲ ਦਿਖਾਈ, ਸਗੋਂ ਖੇਡ ਦੀ ਆਦਤ ਅਤੇ ਅਨੁਸ਼ਾਸਨ ਵੀ ਬਰਕਰਾਰ ਰੱਖਿਆ। ਇਹ ਉਪਲਬਧੀ ਸੀ.ਟੀ. ਯੂਨੀਵਰਸਿਟੀ ਨੂੰ ਅੰਤਰਰਾਸ਼ਟਰੀ ਖੇਡ ਨਕਸ਼ੇ 'ਤੇ ਮਾਣ ਦੇਣ ਵਾਲਾ ਸਬੂਤ ਹੈ। ਹਰ ਜਿੱਤ ਦੇ ਪਿੱਛੇ ਇੱਕ ਟੀਮ ਹੁੰਦੀ ਹੈ।

ਹਰਕੁੰਵਰ ਦੀ ਸਫ਼ਲਤਾ ਸੀ.ਟੀ. ਯੂਨੀਵਰਸਿਟੀ ਦੇ ਖੇਡ ਵਿਭਾਗ, ਪ੍ਰਧਾਨ ਸ਼੍ਰੀ ਗੁਰਦੀਪ ਸਿੰਘ ਅਤੇ ਵਿਦਿਆਰਥੀ ਭਲਾਈ ਨਿਰਦੇਸ਼ਕ, ਇੰਜੀਨੀਅਰ ਰਵਿੰਦਰ ਸਿੰਘ ਦੀ ਮਾਰਗਦਰਸ਼ਨ ਅਤੇ ਸਹਿਯੋਗ ਦਾ ਨਤੀਜਾ ਹੈ। ਉਹਨਾਂ ਦੀ ਮਿਹਨਤ ਅਤੇ ਖੇਡ ਪ੍ਰਤਿਭਾ ਨੂੰ ਨਿਖਾਰਨ ਦੀ ਪ੍ਰਤੀਬੱਧਤਾ ਇਸ ਸਫ਼ਲਤਾ ਦੀ ਬੁਨਿਆਦ ਬਣੀ।

ਸੀ.ਟੀ. ਯੂਨੀਵਰਸਿਟੀ ਪਰਿਵਾਰ ਨੇ ਇਸ ਉਪਲਬਧੀ 'ਤੇ ਮਾਣ ਜਤਾਇਆ। ਪ੍ਰੋ ਚਾਂਸਲਰ, ਡਾ: ਮਨਬੀਰ ਸਿੰਘ ਨੇ ਕਿਹਾ: "ਹਰਕੁੰਵਰ ਦੀ ਜਿੱਤ ਸਿਰਫ਼ ਉਸਦੀ ਨਿੱਜੀ ਸਫ਼ਲਤਾ ਨਹੀਂ ਹੈ, ਬਲਕਿ ਪੂਰੇ ਸੀ.ਟੀ. ਯੂਨੀਵਰਸਿਟੀ ਪਰਿਵਾਰ ਲਈ ਮਾਣ ਦਾ ਮੌਕਾ ਹੈ। ਇਹ ਅਨੁਸ਼ਾਸਨ, ਤਿਆਰੀ ਅਤੇ ਹੌਸਲੇ ਦੀ ਤਾਕਤ ਨੂੰ ਦਰਸਾਉਂਦਾ ਹੈ। ਇਸ ਤਰ੍ਹਾਂ ਦੀ ਅੰਤਰਰਾਸ਼ਟਰੀ ਪਛਾਣ ਸਾਡੇ ਵਿਦਿਆਰਥੀਆਂ ਨੂੰ ਵੱਡੇ ਸੁਪਨੇ ਦੇਖਣ ਅਤੇ ਹਰ ਖੇਤਰ ਵਿੱਚ ਉਤਕ੍ਰਿਸ਼ਟਤਾ ਹਾਸਲ ਕਰਨ ਲਈ ਪ੍ਰੇਰਿਤ ਕਰਦੀ ਹੈ।" ਖਿਡਾਰੀ ਹਰਕੁੰਵਰ ਸਿੰਘ ਨੇ ਆਪਣੀ ਖੁਸ਼ੀ ਅਤੇ ਧੰਨਵਾਦ ਦਿੱਤਾ:

"ਇਤਨੇ ਵੱਡੇ ਮੰਚ 'ਤੇ ਪਦਕ ਜਿੱਤਣਾ ਮੇਰੇ ਲਈ ਇੱਕ ਸੁਪਨਾ ਸੱਚ ਹੋਣ ਵਰਗਾ ਹੈ। ਮੈਂ ਆਪਣੇ ਕੋਚਾਂ, ਖੇਡ ਵਿਭਾਗ ਅਤੇ ਸੀ.ਟੀ. ਯੂਨੀਵਰਸਿਟੀ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਹਰ ਕਦਮ 'ਤੇ ਮੈਨੂੰ ਵਿਸ਼ਵਾਸ ਦਿੱਤਾ। ਇਹ ਸਿਰਫ ਸ਼ੁਰੂਆਤ ਹੈ, ਹੁਣ ਮੇਰਾ ਟੀਚਾ ਹੋਰ ਉੱਚਾ ਪੱਧਰ ਹਾਸਲ ਕਰਨਾ ਹੈ – ਆਪਣੇ ਯੂਨੀਵਰਸਿਟੀ ਅਤੇ ਦੇਸ਼ ਲਈ।" ਇਹ ਸਫ਼ਲਤਾ ਸਿਰਫ਼ ਇੱਕ ਪਦਕ ਨਹੀਂ ਹੈ, ਬਲਕਿ ਸੀ.ਟੀ. ਯੂਨੀਵਰਸਿਟੀ ਦੀ ਉਸ ਭਾਵਨਾ ਦੀ ਨਿਸ਼ਾਨੀ ਹੈ ਜੋ ਵਿਦਿਆਰਥੀਆਂ ਨੂੰ ਅੰਤਰਰਾਸ਼ਟਰੀ ਅਨੁਭਵ, ਖੇਡ ਆਦਤ ਅਤੇ ਵੱਡੇ ਸੁਪਨੇ ਦੇਖਣ ਦਾ ਹੌਸਲਾ ਦਿੰਦੀ ਹੈ। ਹਰ ਜਿੱਤ ਨਾਲ ਸੀ.ਟੀ. ਯੂਨੀਵਰਸਿਟੀ ਆਪਣੇ ਨੌਜਵਾਨ ਖਿਡਾਰੀਆਂ ਨੂੰ ਵਿਸ਼ਵ ਮੰਚ 'ਤੇ ਚਮਕਣ ਲਈ ਪ੍ਰੇਰਿਤ ਕਰਦੀ ਹੈ।

# ਦਰਬਾਰ ਹਸਤ ਬਲੀ ਸ਼ਾਹ ਥਲਾ ਵਿਖੇ ਸਾਲਾਨਾ ਜੋੜ ਮੇਲਾ ਸ਼ੁਰੂ

## ਮਹਿੰਦੀ ਦੀ ਰਸਮ, ਚਾਦਰ ਤੇ ਝੰਡਾ ਚੜਾਉਣ ਤੇ ਬੇੜਾ ਰੁਖਸਤ ਕਰਨ ਦੀਆਂ ਰਸਮਾਂ ਨਿਭਾਈਆਂ

**ਫਿਲੌਰ/ਅੱਪਰਾ (ਦੀਪਾ)**–ਹਰ ਸਾਲ ਦੀ ਤਰਾਂ ਇਸ ਸਾਲ ਵੀ ਕਰੀਬੀ ਪਿੰਡ ਥਲਾ ਵਿਖੇ ਸਥਿਤ ਦਰਗਾਹ ਹਸਤ ਬਲੀ ਸ਼ਾਹ ਜੀ (ਕਾਦਰੀ) ਵਿਖੇ ਖ਼ਾਦਿਮੇ ਖਾਸ ਸ਼ੌਕਤ ਅਲੀ ਸਾਬਰੀ ਤੇ ਸ਼ਹਿਜ਼ਾਦਾ ਅਲੀਸ਼ਾਨ ਸਾਬਰੀ ਦੀ ਅਗਵਾਈ ਹੇਠ ਐੱਨ. ਆਰ. ਆਈ ਵੀਰਾਂ ਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਸਾਲਾਨਾ ਜੋੜ ਮੇਲਾ

ਪੂਰਨ ਸ਼ਰਧਾ ਤੇ ਉਤਸ਼ਾਹ ਨਾਲ ਸ਼ੁਰੂ ਹੋ ਗਿਆ । ਇਸ ਸੰਬੰਧੀ ਜਾਣਕਾਰੀ ਦਿੰਦਿਆਂ ਖ਼ਾਦਿਮੇ ਖਾਸ ਸ਼ਾਂਈ ਸ਼ੌਕਤ ਅਲੀ ਸਾਬਰੀ ਨੇ ਦੱਸਿਆ ਕਿ ਮਿਤੀ 3 ਅਕਤੂਬਰ ਦਿਨ ਸ਼ੁੱਕਰਵਾਰ ਨੂੰ ਸ਼ਾਮ 7 ਵਜੇ ਮਹਿੰਦੀ ਦੀ ਰਸਮ ਨਿਭਾਈ ਗਈ । ਅੱਜ ਮਿਤੀ 4 ਅਕਤੂਬਰ ਦਿਨ ਸ਼ਨੀਵਾਰ ਨੂੰ ਸਵੇਰੇ 11 ਵਜੇ ਚਿਰਾਗ ਰੌਸ਼ਨ ਕਰਨ ਤੇ ਝੰਡੇ ਦੀ ਰਸਮ ਨਿਭਾਈ ਗਈ, ਦੁਪਿਹਰ 2 ਵਜੇ ਸਰਬੱਤ ਦੇ ਭਲੇ ਲਈ ਬੇੜਾ ਰੁਖਸਤ ਕੀਤਾ ਗਿਆ ਤੇ ਰਾਤ 8 ਵਜੇ ਪ੍ਰਸਿੱਧ ਕੱਵਾਲਾਂ ਤੇ ਨੱਕਾਲਾਂ ਨੇ ਆਪਣਾ ਪ੍ਰੋਗਰਾਮ ਪੇਸ਼ ਕੀਤਾ । ਅੱਜ ਮਿਤੀ 5 ਅਕਤੂਬਰ ਦਿਨ ਐਤਵਾਰ ਨੂੰ ਸਵੇਰੇ 11 ਵਜੇ ਤੋਂ ਲੈ ਕੇ ਸ਼ਾਮ 6 ਵਜੇ ਤੱਕ ਸੂਫ਼ੀ ਮਹਿਫ਼ਿਲ ਹੋਵੇਗੀ । ਇਸ ਮੌਕੇ ਰਾਹਤ ਅਲੀ ਮਤੋਈ (ਦਸਤਾਰ ਬੰਦ ਕੱਵਾਲ), ਸੂਫ਼ੀ ਗਾਇਕ ਕੁਲਵਿੰਦਰ ਕਿੰਦਾ, ਆਰ. ਕੇ ਮਹਿੰਦੀ, ਸੋਨੂੰ ਕੱਵਾਲ ਪਾਰਟੀ, ਈਸ਼ੂ ਨੱਕਾਲ ਪਾਰਟੀ, ਨੂਰ ਨੱਕਾਲ ਪਾਰਟੀ, ਜੱਸੀ ਨੱਕਾਲ ਪਾਰਟੀ ਤੇ ਬੰਗੜ ਭਗਤ ਨੱਕਾਲ ਪਾਰਟੀ ਆਪਣਾ ਪ੍ਰੋਗਰਾਮ ਪੇਸ਼ ਕਰਨਗੇ । ਮੇਲੇ ਦੌਰਾਨ ਮੰਚ ਸੰਚਾਲਨ ਦੀ ਜਿੰਮੇਵਾਰੀ ਸੁੱਚਾ ਅੰਜਲਾ ਤੇ ਅਜੇ ਹਮਸਰ ਨੇ ਬਾਖੂਬੀ ਨਿਭਾਈ । ਇਸ ਮੌਕੇ ਅਤੁੱਟ ਲੰਗਰ ਵੀ ਵਰਤਾਏ ਗਏ ।

# ਸਾਡੀ ਆਪਣੀ ਹੀ ਖ਼ੁਦਗਰਜ਼ੀ ਨੇ

ਅਸੀਂ ਸੜਕਾਂ ਕਰ ਕਰ ਚੌੜੀਆਂ ਅਸਲੀ ਰੁੱਖ ਗੁਆ ਲਏ ਨੇ।
ਵਿਹੜੇ ਵੀ ਖਾਲੀ ਕਰ ਲਏ ਗਮਲਿਆਂ ਵਿੱਚ ਸਜਾ ਲਏ ਨੇ।
ਖੇਤਾਂ ਵਿੱਚ ਝੋਨਾ ਲਾ ਲਾ ਕੇ ਜੜ੍ਹ ਤੋਂ ਹੀ ਸੁਕਾਅ ਲਏ ਨੇ ।
ਨਦੀਆਂ ਵਿੱਚੋਂ ਰੇਤਾ ਕੱਢ ਕੱਢ ਕੇ ਦਰਿਆ ਬਣਾ ਲਏ ਨੇ ।
ਉੱਤੋਂ ਬੰਬ ਧਮਾਕੇ ਕਰ ਕਰ ਕੇ ਪਰਬਤ ਵੀ ਹਿਲਾ ਲਏ ਨੇ ।
ਕਦੇ ਡੋਬੇ ਨਾਲ਼ ਕਦੇ ਸੋਕੇ ਨਾਲ਼ ਖ਼ੁਦ ਨੂੰ ਰੋਗ ਲਵਾ ਲਏ ਨੇ।
ਅਸੀਂ ਅਪਣੇ ਆਗੂ ਚੋਰ ਲੁਟੇਰੇ ਠੱਗ ਬਣਾ ਲਏ ਨੇ ।
ਉਨ੍ਹਾਂ ਸੇਵਾਦਾਰਾਂ ਨੇ ਅਪਣੇ ਸਿਰ 'ਤੇ ਤਾਜ ਸਜਾ ਲਏ ਨੇ ।
ਅਸੀਂ ਮਹਿਲ ਮੁਨਾਰੇ ਏਕੇ ਦੇ ਖ਼ੁਦ ਆਪ ਹੀ ਢਾਹ ਲਏ ਨੇ ।
ਕਦੇ ਇੱਕ ਚੁੱਲ੍ਹਾ ਹੁੰਦਾ ਸੀ ਹੁਣ ਅਣਗਿਣਤ ਬਣਾ ਲਏ ਨੇ ।

**ਮੂਲ ਚੰਦ ਸ਼ਰਮਾ**
**ਪ੍ਰਧਾਨ, ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ।**
**9914836037**

# ਬੁਬਨਿਆ ਦਾ ਧਰਨਾ

ਜਿਨ੍ਹਾਂ ਨੂੰ ਸਿੰਘ ਸਮਝਾਉਣ ਲੱਗੇਂ ਸੀ
ਮਾਰਨੋਂ ਸਿਰ ਹਟਾਉਣ ਲੱਗੇ ਸੀ
ਨਾਲ ਤਰਕ ਦੇ ਕਰਕੇ ਗੱਲਾਂ, ਪਾਉਣ ਲੱਗੇ ਸੀ ਪੱਠੇ
ਹੁਣ ਧਰਨੇ ਤੇ ਬੈਠਣਗੇ, ਉਹ ਬੂਬਨੇ ਹੋ ਇਕੱਠੇ
ਝੂੱਠ ਦਾ ਪਰਦਾਫਾਸ਼ ਨਾ ਹੋ ਜਾਏ
ਖਿੱਚੀ ਹੋਈ ਤਿਆਰੀ
ਗੋਰਖ ਧੰਦਾ ਬੰਦ ਨਾ ਹੋ ਜਾਏ ਰੌਲ਼ਾ ਪਾਉਣ ਵਪਾਰੀ
ਗੁਹਾਰ ਲਾਉਣ ਲਈ ਪ੍ਰਸ਼ਾਸਨ ਮੂਹਰੇ ਫਿਰਦੇ ਭੱਜੇ ਨੱਠੇ
ਹੁਣ ਧਰਨੇ ਤੇ ਬੈਠਣਗੇ ਉਹ ਬੂਬਨੇ ਹੋ ਇਕੱਠੇ
ਭੂਤ ਪਰੇਤਾ ਧਾਗੇ ਪਾਉਣੇ ਜਾਂ ਫਿਰ ਥੋਲਾ ਕਰਨਾ
ਗੁਰਮੀਤ ਡੁਮਾਣੇ ਵਾਲਿਆ ਛੱਡ ਤੂੰ ਇਹਨਾਂ ਕੰਮਾਂ ਤੋਂ ਡਰਨਾ
ਆਵਦੀ ਅਵਾਜ਼ ਬੁਲੰਦ ਰੱਖ ਤੂੰ, ਆਪੇ ਪੈ ਜਾਣਗੇ ਮੱਠੇ
ਹੁਣ ਧਰਨੇ ਤੇ ਬੈਠਣਗੇ ਉਹ ਬੂਬਨੇ ਹੋ ਇਕੱਠੇ

**ਗੁਰਮੀਤ ਡੁਮਾਣਾ**
**ਲੋਹੀਆਂ ਖਾਸ**
**ਜਲੰਧਰ**
**76528 16074**

# (ਅੱਜ ਵਿਸ਼ਵ ਅਧਿਆਪਕ ਦਿਵਸ 'ਤੇ ਅਧਿਆਪਕਾਵਾਂ ਨੂੰ ਸਮਰਪਿਤ)

## ਮੈਡਮ

ਚਿੜੀਆਂ ਚਹਿਚਹਾਈਆਂ, ਕਿਤੇ ਹੋ ਜਾਵੇ ਦੇਰ ਨਾ ਕਬੱਲੀ
ਥੋੜ੍ਹਾ-ਬਹੁਤਾ ਕੰਮ-ਕਾਜ ਸਮੇਟ ਕੇ, ਮੈਡਮ ਸਕੂਲ ਚੱਲੀ

ਆਖੇ ਬੱਚਿਆਂ ਨੂੰ ਜਗਾਵੋ, ਰੈਡੀ ਕਰ ਕੇ ਸਕੂਲ ਛੱਡ ਆਵੋ
ਦੇਖਿਓ ਕਿੱਧਰੇ ਵੱਜ ਜਾਵੇ ਨਾ ਟੱਲੀ, ਮੈਡਮ ਸਕੂਲ ਚੱਲੀ

ਹੁਣ ਉਸ ਨੇ ਆਪਾ ਸਜਾਇਆ, ਪਰਸ ਮੋਢੇ ਵਿੱਚ ਪਾਇਆ
ਤਦ ਤੁਰੀ ਜਦ ਸ਼ੀਸ਼ੇ ਨੇ ਦਿੱਤੀ ਤਸੱਲੀ, ਮੈਡਮ ਸਕੂਲ ਚੱਲੀ

ਜ਼ਿੰਦਗੀ ਵਿੱਚ ਰੌਣੇ-ਹਾਸੇ ਨੇ, ਖੇਡ-ਤਮਾਸ਼ੇ ਨੇ, ਤੋਲੇ-ਮਾਸੇ ਨੇ
ਜਦ ਹੋ ਜਾਵੇ ਗੁੱਸੇ ਮਚਾ ਦੇਵੇ ਤਰਥੱਲੀ, ਮੈਡਮ ਸਕੂਲ ਚੱਲੀ

ਮੈਂ ਸਕੂਟਰੀ ਸਾਫ਼ ਥੋੜੀ ਕੀਤੀ, ਘਰ ਤੋਂ ਬਾਹਰ ਖੜੀ ਕੀਤੀ
ਸਕੂਲ ਨੂੰ ਜਾਂਦੀ ਸੜਕ ਉਸ ਨੇ ਮੱਲੀ, ਮੈਡਮ ਸਕੂਲ ਚੱਲੀ

ਨਵੀਂ ਗਰਾਂਟ ਹੈ ਕੋਈ ਆਈ, ਕਮੇਟੀ ਦੀ ਮੀਟਿੰਗ ਬੁਲਾਈ
ਬਣਾਈ ਡਾਕ ਤੇ ਦਫ਼ਤਰ ਵੱਲ ਨੂੰ ਘੱਲੀ, ਮੈਡਮ ਸਕੂਲ ਚੱਲੀ

ਚਾਕ ਚਲਾਵੇ, ਬੱਚਿਆਂ ਨੂੰ ਪੜ੍ਹਾਵੇ ਤੇ ਮਿਡ-ਡੇ-ਮੀਲ ਖਿਲਾਵੇ
ਛੁੱਟੀ ਹੋਣ ਤੱਕ ਹੋ ਜਾਵੇ ਝੱਲ-ਬਲੱਲੀ, ਮੈਡਮ ਸਕੂਲ ਚੱਲੀ

ਪੂਰੀ ਐਕਟਿਵ ਹੋ ਕੇ ਜਾਵੇ ਤੇ ਪੈਸਿਵ ਜਿਹੀ ਵਾਪਿਸ ਆਵੇ
ਰੱਖੇ ਦਾਤਾ ਆਪਣੀ ਨਜ਼ਰ ਸਵੱਲੀ, ਮੈਡਮ ਸਕੂਲ ਚੱਲੀ

**ਮਨਜੀਤ ਸਿੰਘ ਬੱਧਣ**

# ਘਰ- ਸਿਰਨਾਵੇਂ

ਪੁਰ ਉਮਰ ਹੀ ਨਾਲ ਮੇਰੇ, ਮੂਹਰੇ ਹੋ - ਹੋ ਤੁਰਦੇ ਰਹੇ
ਜਿਨ੍ਹਾਂ ਰਾਹਾਂ ਨੂੰ ਪਿੱਛੇ ਕਿਤੇ ਕਿਸੇ ਮੋੜ ਤੇ ਛੱਡ ਆਇਆਂ ਸਾਂ

ਅੱਜ ਵੀ ਮੈਨੂੰ ਭਰ ਹੁੰਗਾਰੇ ਮੋਹ ਦੀ ਸੰਗਲੀ ਪਾ ਰਹੀ
ਲੀਕ ਜਿਹੜੀ ਲੇਖਾਂ ਵਿੱਚੋਂ ਧੂਹ ਕੇ ਮੈਂ ਕੱਢ ਆਇਆਂ ਸਾਂ

ਪਰ ਕੌਣ ਹੁਣ ਦੱਸੂ ਮੈਨੂੰ ਮੇਰੇ ਘਰ ਸਿਰਨਾਵੇਂ ਦਾ ਪਤਾ
ਪੱਥਰ ਵੀ ਜਾਪੇ ਭੁਰ ਗਿਆ ਨਿਸ਼ਾਨੀ ਜੋ ਗੱਡ ਆਇਆਂ ਸਾਂ

ਸਿਰ ਵਗਦੀ ਲੂਅ ਦਾ ਕੀ ਕਰਾਂ, ਨਹਿਰ ਵੀ ਸੁੱਕ ਸੜ੍ਹ ਗਈ
ਬੁੱਢੇ ਬੋਹੜ੍ਹ ਦਾ ਜੜ੍ਹ - ਖ਼ੁਰਾ ਤਾਂ ਹੱਥੀਂ ਹੀ ਵੱਢ ਆਇਆਂ ਸਾਂ

ਡੋਰ- ਭੌਰ ਫ਼ਿਰਨੀ ਦੀ ਟੁਟੀ ਮੇਰੀ ਹੋਂਦ ਤੋਂ ਅਣਜਾਣ ਹੈ
ਹਾੜਾ ਵੇ ਕੋਈ ਤੇ ਹਾਲ ਪੁੱਛੋ? ਮੈਂ ਕੌਣ ਹਾਂ, ਕਦ ਆਇਆਂ ਸਾਂ ?

**ਦੀਪ ਸੰਧੂ**
**+61 459 966 392**



# ਮਹਿੰਦਰਾ ਨੇ ਨੋਵੇਲਟੀ ਵ੍ਹੀਲਜ਼ ਮਹਿੰਦਰਾ, ਕੈਨਾਲ ਰੋਡ ਸਾਊਥ ਸਿਟੀ, ਲੁਧਿਆਣਾ ਵਿਖੇ ਨਵੀਂ ਥਾਰ ਲਾਂਚ ਕੀਤੀ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਨੋਵੇਲਟੀ ਵ੍ਹੀਲਜ਼ ਮਹਿੰਦਰਾ ਨੇ ਆਪਣੇ ਕੈਨਾਲ ਰੋਡ ਸਾਊਥ ਸਿਟੀ ਸ਼ੋਅਰੂਮ ਵਿਖੇ ਨਵੀਂ ਮਹਿੰਦਰਾ ਥਾਰ ਦਾ ਮਾਣ ਨਾਲ ਉਦਘਾਟਨ ਕੀਤਾ, ਜੋ ਕਿ ਪੰਜਾਬ ਵਿੱਚ ਗਾਹਕਾਂ ਨੂੰ ਵਿਸ਼ਵ ਪੱਧਰੀ ਸ਼ੁੱਧ ਪ੍ਰਦਾਨ ਕਰਨ ਵਿੱਚ ਇੱਕ ਹੋਰ ਮੀਲ ਪੱਥਰ ਹੈ। ਇਸ ਲਾਂਚ ਨੂੰ ਨੋਵੇਲਟੀ ਗਰੁੱਪ ਦੇ ਮੈਨੇਜਿੰਗ ਡਾਇਰੈਕਟਰ ਸ਼੍ਰੀ ਲਵਤੇਸ਼ ਸਿੰਘ ਸਚਦੇਵ ਅਤੇ ਸ਼੍ਰੀ ਅਮਿਤੇਸ਼ ਸਿੰਘ ਸਚਦੇਵ, ਗਰੁੱਪ ਹੈੱਡ ਸ਼੍ਰੀ ਪੁਨੀਤ ਸ਼ਰਮਾ ਅਤੇ ਜਨਰਲ ਮੈਨੇਜਰ ਸ਼੍ਰੀ ਅਨਿਲ ਸਾਨਿਆਲ ਦੀ ਮੌਜੂਦਗੀ ਨੇ ਸ਼ਾਨਦਾਰ ਢੰਗ ਨਾਲ ਮਨਾਇਆ।

₹ 9.99 ਲੱਖ ਦੀ ਆਕਰਸ਼ਕ ਕੀਮਤ ਤੋਂ ਸ਼ੁਰੂ ਹੋਣ ਵਾਲੀ ਨਵੀਂ ਥਾਰ, ਇੱਕ ਤਾਜ਼ਾ ਡਿਜ਼ਾਈਨ, ਵਧੇ ਹੋਏ ਆਰਾਮ ਅਤੇ ਸਮਾਰਟ ਕਨੈਕਟੀਵਿਟੀ ਦੇ ਨਾਲ ਆਉਂਦੀ ਹੈ, ਜੋ ਇਸ ਦੇ ਮਜ਼ਬੂਤ ਧੰਅ ਨੂੰ ਸੁਰੱਖਿਅਤ ਰੱਖਦੇ ਹੋਏ ਪ੍ਰਸਿੱਧ ਸ਼ੁੱਧ ਦੀ ਸ਼ਹਿਰੀ ਅਪੀਲ ਨੂੰ ਮੁੜ ਪਰਿਭਾਸ਼ਿਤ ਕਰਦੀ ਹੈ।

ਮੁੱਖ ਹਾਈਲਾਈਟਸ ਵਿੱਚ ਸ਼ਾਮਲ ਹਨ:

• ਆਈਕੋਨਿਕ ਡਿਜ਼ਾਈਨ: ਵੱਖਰਾ ਫਰੰਟ ਗ੍ਰਿਲ, ਡਿਊਲ-ਟੋਨ ਬੰਪਰ, ਬਲੈਕ-ਥੀਮ ਡੈਸ਼ਬੋਰਡ, ਨਵਾਂ ਸਟੀਅਰਿੰਗ ਵ੍ਹੀਲ, ਅਤੇ ਛੇ ਰੰਗਾਂ ਦੇ ਵਿਕਲਪ ਜਿਨ੍ਹਾਂ ਵਿੱਚ ਦੋ ਨਵੇਂ ਸ਼ੇਡ ਸ਼ਾਮਲ ਹਨ - ਟੈਂਗੋ ਰੈੱਡ ਅਤੇ ਬੈਟਲਸ਼ਿਪ ਗ੍ਰੇ।

• ਆਰਾਮ ਅਤੇ ਸਹੂਲਤ: ਪਿਛਲੇ ਏਸੀ ਵੈਂਟਸ, ਦਰਵਾਜ਼ੇ ਨਾਲ ਲੱਗੀਆਂ ਪਾਵਰ ਵਿੰਡੋਜ਼, ਅੰਦਰੂਨੀ ਤੌਰ 'ਤੇ ਸੰਚਾਲਿਤ ਫਿਊਲ ਲਿਡ, ਰੀਅਰ ਵਾਸ਼ ਅਤੇ ਵਾਈਪਰ, ਏ-ਪਿਲਰ ਐਂਟਰੀ ਅਸਿਸਟ ਹੈਂਡਲ, ਅਤੇ ਰੀਅਰ ਵਿਊ ਕੈਮਰਾ ਦੇ ਨਾਲ ਸਲਾਈਡਿੰਗ ਆਰਮਰੇਸਟ।

• ਸਮਾਰਟ ਟੈਕ: ਐਂਡਰਾਇਡ ਆਟੋ ਅਤੇ ਐਪਲ ਕਾਰਪਲੇ, ਟਾਈਪ-ਸੀ USB ਪੋਰਟ (ਅੱਗੇ ਅਤੇ ਪਿੱਛੇ), ਅਤੇ ਐਡਵੈਂਚਰ ਸਟੈਟਸ ਜਨਰਲ II ਦੇ ਨਾਲ ਇੱਕ 26.03 ਸੈਂਟੀਮੀਟਰ HD ਇਨਫੋਟੇਨਮੈਂਟ ਸਕ੍ਰੀਨ।

ਲਾਂਚ 'ਤੇ ਬੋਲਦੇ ਹੋਏ, ਸ਼੍ਰੀ ਲਵਤੇਸ਼ ਸਿੰਘ ਸਚਦੇਵ ਨੇ ਮਹਿੰਦਰਾ ਦੀ ਸ਼ੁੱਧ ਰੇਂਜ ਤੋਂ ਗਾਹਕਾਂ ਨੂੰ ਨਵੀਨਤਮ ਨਵੀਨਤਾਵਾਂ ਪ੍ਰਦਾਨ ਕਰਨ ਲਈ ਨੋਵੇਲਟੀ ਵ੍ਹੀਲਜ਼ ਦੀ ਵਚਨਬੱਧਤਾ 'ਤੇ ਜ਼ੋਰ ਦਿੱਤਾ। ਨਵਾਂ ਥਾਰ ਸਾਹਸ ਅਤੇ ਰੋਜ਼ਾਨਾ ਵਿਹਾਰਕਤਾ ਦੇ ਸੰਪੂਰਨ ਮਿਸ਼ਰਣ ਨੂੰ ਦਰਸਾਉਂਦਾ ਹੈ, ਜੋ ਆਫ-ਰੋਡ ਉਤਸ਼ਾਹੀਆਂ ਅਤੇ ਸ਼ਹਿਰ ਦੇ ਡਰਾਈਵਰਾਂ ਦੋਵਾਂ ਨੂੰ ਪੂਰਾ ਕਰਦਾ ਹੈ।

ਇਸ ਲਾਂਚ ਦੇ ਨਾਲ, ਨੋਵੇਲਟੀ ਵ੍ਹੀਲਜ਼ ਮਹਿੰਦਰਾ ਲੁਧਿਆਣਾ ਨੂੰ ਪ੍ਰੀਮੀਅਮ ਸ਼ੁੱਧ ਅਨੁਭਵਾਂ ਲਈ ਇੱਕ ਹੱਬ ਬਣਾਉਣ ਦੇ ਆਪਣੇ ਦ੍ਰਿਸ਼ਟੀਕੋਣ ਨੂੰ ਮਜ਼ਬੂਤ ਕਰਦਾ ਹੈ। ਗਾਹਕ ਹੁਣ ਨਵੇਂ ਥਾਰ ਦੀ ਪੜਚੋਲ ਕਰਨ ਅਤੇ ਬੁੱਕ ਕਰਨ ਲਈ ਕੈਨਾਲ ਰੋਡ ਸਾਊਥ ਸਿਟੀ ਸ਼ੋਅਰੂਮ 'ਤੇ ਜਾ ਸਕਦੇ ਹਨ।

# ਸੇਠੀ ਸਰਪੰਚ ਥੋਪੀਆ ਨੂੰ ਸ਼੍ਰੋਮਣੀ ਅਕਾਲੀ ਦਲ ( ਪੁਨਰ ਸੁਰਜੀਤ) ਪਾਰਟੀ ਵਲੋਂ ਵਰਕਿੰਗ ਕਮੇਟੀ ਦੇ ਮੈਂਬਰ ਨਿਯੁਕਤ ਕਰਨ ਤੇ ਅਕਾਲੀ ਵਰਕਰਾਂ ਵਿਚ ਖੁਸ਼ੀ ਦੀ ਲਹਿਰ

**ਨਵਾਂਸ਼ਹਿਰ /ਕਾਠਗੜ੍ਹ (ਜਤਿੰਦਰ ਪਾਲ ਸਿੰਘ ਕਲੇਰ )** ਗਿਆਨੀ ਹਰਪ੍ਰੀਤ ਸਿੰਘ ਜੀ ਦੀ ਅਗੁਵਾਈ ਵਿੱਚ ਬਣਾਏ ਗਏ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਵਲੋਂ ਅਮਿੰਤ ਕੁਮਾਰ ਸੇਠੀ ਸਰਪੰਚ ਥੋਪਿਆਂ ਨੂੰ ਵਰਕਿੰਗ ਕਮੇਟੀ ਦਾ ਮੈਂਬਰ ਨਿਯੁਕਤ ਕਰਨ ਤੇ ਇਲਾਕੇ ਦੇ ਅਕਾਲੀ ਵਰਕਰਾਂ ਅਤੇ ਸਮੂਹ ਇਲਾਕਾ ਨਿਵਾਸੀਆਂ ਵਿਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ ਜ਼ ਯਾਦ ਰਹੇ ਸੇਠੀ ਸਰਪੰਚ ਥੋਪਿਆਂ ਹਲਕਾ ਬਲਾਚੌਰ ਦੇ ਨਾਮਵਰ ਆਗੂਆਂ ਵਿੱਚੋਂ ਇੱਕ ਹਨ ਜੋ ਕਹਿੰਦੇ ਹਨ ਉਹ ਕਰਕੇ ਦਿਖਾਉਦੇ ਹਨ ਜਿਸ ਕਰਕੇ ਇਲਾਕਾ ਭਰ ਲੋਕ ਆਉਣ ਵਾਲੇ ਸਮੇਂ ਵਿਚ ਇਹਨਾਂ ਕੋਲੋਂ ਵੱਡੀਆਂ ਆਸਾਂ ਲਗਾਈ ਬੈਠੇ ਹਨ। ਸੇਠ ਸਰਪੰਚ ਮਿਠ ਬੋਲੜੇ ਸੁਭਾਅ ਦੇ ਮਾਲਕ, ਗਰੀਬਾਂ ਦੇ ਮਸੀਹਾ ਦਿਨ ਰਾਤ ਲੋਕਾਂ ਦੇ ਕੰਮ ਆਉਣ ਵਾਲੇ ਆਗੂ ਹਨ। ਉਨ੍ਹਾਂ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਵਲੋਂ ਸੌਂਪੀ ਗਈ ਜਿੰਮੇਦਾਰੀ ਨੂੰ ਮੈਂ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਵਾਂਗਾ ਹਾਂ ਅਤੇ ਸ਼੍ਰੋਮਣੀ ਅਕਾਲੀ ਦਲ (ਪੁਰਨ ਸੁਰਜੀਤ) ਨੂੰ ਬੁਲੰਦੀਆਂ ਤੇ ਪਹੁੰਚਾਉਣ ਲਈ ਕੋਈ ਕਸਰ ਬਾਕੀ ਨਹੀ ਛੱਡੀ ਜਾਵੇਗਾ। ਉਨ੍ਹਾਂ ਕਿਹਾ ਕੇ ਅਸੀ ਇਲਾਕਾ ਭਰ ਦੇ ਸਮੂਹ ਅਕਾਲੀ ਵਰਕਰਾਂ ਅਤੇ ਆਮ ਲੋਕਾਂ ਨੂੰ ਨਾਲ ਲੈ ਕੇ ਗੁਰੂ ਆਸ਼ੇ ਅਨੁਸਾਰ ਬਣਾਏ ਗਏ ਸ਼੍ਰੋਮਣੀ ਅਕਾਲੀ ਦਲ ਨੂੰ ਹਰੇਕ ਤਰ੍ਹਾਂ ਨਾਲ ਕਾਮਯਾਬ ਕੀਤਾ ਜਾਵੇ। ਇਸ ਮੌਕੇ ਜੱਥੇਦਾਰ ਸੁਰਜੀਤ ਸਿੰਘ ਦੋਭਾਲੀ, ਜੱਥੇਦਾਰ ਗੁਰਚਰਨ ਸਿੰਘ ਉੱਦਲਣੀ, ਹਰਅਮਰਿੰਦਰ ਸਿੰਘ ਰਿੰਕੂ ਚਾਂਦਪੁਰੀ ਰੁਕੜੀ, ਅਵਤਾਰ ਸਿੰਘ ਸਾਹਦੜਾ, ਤੇਜਪਾਲ ਸਿੰਘ ਮਾਂਗਟ, ਤਰਲੋਚਨ ਸਿੰਘ ਪਨਿਆਲੀ, ਨਿਰਮਲ ਸਿੰਘ ਮਾਣੇਵਾਲ, ਬਲਵੀਰ ਸਿੰਘ ਰੈਲਮਾਜਰਾ, ਚਰਨਜੀਤ ਸਿੰਘ ਕਿਸ਼ਨਪੁਰ, ਮੇਜਰ ਸਿੰਘ ਅਜ਼ਾਦ, ਜੋਗਿੰਦਰ ਸਿੰਘ ਮਾਨ, ਦਰਬਾਰਾ ਸਿੰਘ ਸਿਆਣਾ,ਸਤਨਾਮ ਸਿੰਘ ਬਲਾਚੌਰ, ਸੁਰਿੰਦਰ ਸਿੰਘ ਰਾਜੂਮਾਜਰਾ, ਪੰਡਿਤ ਅਵਨੇਸ਼ ਕੁਮਾਰ, ਜੋਗਿੰਦਰ ਪਾਲ ਮਾਲੇਵਾਲ, ਸੰਜੀਵ ਕੁਮਾਰ ਪਨਿਆਲੀ, ਰਾਜ ਕੁਮਾਰ ਸ਼ੋਕੜੀ, ਅਸ਼ੋਕ ਕੁਮਾਰ ਟੌਂਸਾ, ਜਸਵੰਤ ਰਾਏ, ਜਤਿੰਦਰ ਕੁਮਾਰ ਮਹਿਤਪੁਰ ਉਲੱਦਣੀ, ਰਾਧੇਸ਼ਆਮ ਤਕਤਾਣਾ, ਪਵਨ ਕੁਮਾਰ ਆਦੋਆਣਾ, ਪਵਨ ਕੁਮਾਰ ਰੱਤੇਵਾਲ, ਸ਼ਿੰਦੀ ਟਕਰਲਾ, ਪ੍ਰਵੀਨ ਕੁਮਾਰ, ਨੀਰਜ਼ ਕੁਮਾਰ ਨਾਨੋਵਾਲ, ਆਦਿ ਸਮੇਤ ਵੱਡੀ ਗਿਣਤੀ ਵਿਚ ਹਾਜ਼ਰ ਸਨ।

# ਸੱਚਦੇਵਾ ਸਟਾਕਸ ਫੈਮਿਲੀ ਵਾਕ ਪ੍ਰਤੀ ਵਿਦਿਆਰਥੀ ਤੇ ਮਾਪੇ ਉਤਸ਼ਾਹਿਤ : ਪਰਮਜੀਤ ਸੱਚਦੇਵਾ

## ਰੇਲਵੇ ਮੰਡੀ ਸਰਕਾਰੀ ਸਕੂਲ ਵਿੱਚ ਬੱਚਿਆਂ ਨੂੰ ਦਿੱਤੀ ਜਾਣਕਾਰੀ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰੇਲਵੇ ਮੰਡੀ (ਲੜਕੀਆਂ) ਵਿੱਚ ਫਿੱਟ ਬਾਈਕਰ ਕਲੱਬ ਹੁਸ਼ਿਆਰਪੁਰ ਵੱਲੋਂ 2 ਨਵੰਬਰ 2025 ਨੂੰ 5 ਕਿਲੋਮੀਟਰ ਦੀ ਕਰਵਾਈ ਜਾ ਰਹੀ ਸੱਚਦੇਵਾ ਸਟਾਕਸ ਹੁਸ਼ਿਆਰਪੁਰ ਫੈਮਿਲੀ ਵਾਕ ਪ੍ਰਤੀ ਕਲੱਬ ਦੇ ਪ੍ਰਧਾਨ ਪਰਮਜੀਤ ਸੱਚਦੇਵਾ ਵੱਲੋਂ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ। ਇਸ ਮੌਕੇ ਪਰਮਜੀਤ ਸੱਚਦੇਵਾ ਨੇ ਕਿਹਾ ਕਿ ਇਹ ਫੈਮਿਲੀ ਵਾਕ ਸਵ. ਐਥਲੀਟ ਫੌਜਾ ਸਿੰਘ ਨੂੰ ਸਮਰਪਿਤ ਹੈ ਅਤੇ ਇਸ ਵਾਕਥੌਨ ਵਿੱਚ ਹਰ ਇੱਕ ਸ਼ਹਿਰ ਵਾਸੀ ਭਾਗ ਲੈ ਸਕਦਾ ਹੈ। ਉਨ੍ਹਾਂ ਦੱਸਿਆ ਕਿ ਇਸ ਵਿੱਚ ਬੱਚੇ ਆਪਣੇ ਪਰਿਵਾਰਿਕ ਮੈਂਬਰਾਂ ਨਾਲ ਹਿੱਸਾ ਲੈ ਸਕਣਗੇ। ਉਨ੍ਹਾਂ ਅੱਗੇ ਦੱਸਿਆ ਕਿ ਇਸ ਲਈ 50 ਰੁਪਏ ਰਜਿਸਟਰੇਸ਼ਨ ਫੀਸ ਰੱਖੀ ਗਈ ਹੈ ਤੇ ਇਸ ਨਾਲ ਜੋ ਵੀ ਪੈਸਾ ਇਕੱਠਾ ਹੋਵੇਗਾ ਉਹ ਸਾਰਾ ਜੇ.ਐੱਸ.ਐੱਸ.ਆਸ਼ਾ ਕਿਰਨ ਸਪੈਸ਼ਲ ਸਕੂਲ ਜਹਾਨਖੇਲਾ ਨੂੰ ਦਾਨ ਵਜੋਂ ਦਿੱਤਾ ਜਾਵੇਗਾ। ਪਰਮਜੀਤ ਸੱਚਦੇਵਾ ਨੇ ਦੱਸਿਆ ਕਿ ਇਸ ਪ੍ਰੋਗਰਾਮ ਵਿੱਚ ਭਾਗ ਲੈਣ ਵਾਲਿਆਂ ਨੂੰ ਮੈਡਲ, ਟੀ-ਸ਼ਰਟ ਅਤੇ ਰਿਫਰੈਸ਼ਮੈਂਟ ਕਲੱਬ ਵੱਲੋਂ ਦਿੱਤੀ ਜਾਵੇਗੀ ਤੇ ਇਹ ਫੈਮਿਲੀ ਵਾਕ ਸਥਾਨਕ ਲਾਜਵੰਤੀ ਸਟੇਡੀਅਮ ਤੋਂ ਸ਼ੁਰੂ ਹੋਵੇਗੀ। ਇਸ ਮੌਕੇ ਪ੍ਰਿੰਸੀਪਲ ਰਾਜਨ ਅਰੋੜਾ, ਉੱਤਮ ਸਿੰਘ ਸਾਬੀ, ਤਰਲੋਚਨ ਸਿੰਘ, ਸੌਰਭ ਸ਼ਰਮਾ, ਦੌਲਤ ਸਿੰਘ, ਉਕਾਂਰ ਸਿੰਘ ਚੱਬੇਵਾਲ ਵੀ ਹਾਜਰ ਸਨ।

ਫੋਟੋ ਅਜਮੇਰ ਦੀਵਾਨਾ

# ਜਿਲ੍ਹਾ ਨਸ਼ਾ ਮੁਕਤੀ ਮੁੜ ਵਸੇਬਾ ਕੇਂਦਰ ਹੁਸ਼ਿਆਰਪੁਰ ਵੱਲੋਂ ਸਵੱਛਤਾ ਅਭਿਆਨ ਮਨਾਇਆ ਗਿਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਇੱਕ ਕਦਮ ਸਵੱਛਤਾ ਵੱਲ "ਸਵੱਛਤਾ ਹੀ ਸੇਵਾ ਹੈ" ਅਭਿਆਨ ਤਹਿਤ ਅੱਜ ਜਿਲ੍ਹਾ ਨਸ਼ਾ ਮੁਕਤੀ ਮੁੜ ਵਸੇਬਾ ਕੇਂਦਰ ਹੁਸ਼ਿਆਰਪੁਰ ਸਟਾਫ ਅਤੇ ਮਰੀਜਾਂ ਵੱਲੋਂ ਸਵੱਛਤਾ ਅਭਿਆਨ ਮਨਾਇਆ ਗਿਆ। ਇਹ ਅਭਿਆਨ ਸਿਵਲ ਸਰਜਨ ਡਾ. ਬਲਵੀਰ ਕੁਮਾਰ ਅਤੇ ਡਿਪਟੀ ਮੈਡੀਕਲ ਕਮਿਸ਼ਨਰ ਡਾ. ਸਵਾਤੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਡਾ. ਮਹਿਮਾ ਮਨਹਾਸ ਮੈਡੀਕਲ ਅਫਸਰ ਜਿਲ੍ਹਾ ਨਸ਼ਾ ਮੁਕਤੀ ਮੁੜ ਵਸੇਬਾ ਕੇਂਦਰ ਹੁਸ਼ਿਆਰਪੁਰ ਦੀ ਅਗਵਾਈ ਹੇਠ ਸਮੂਹ ਸਟਾਫ਼ ਦੇ ਸਹਿਯੋਗ ਨਾਲ ਮਨਾਇਆ ਗਿਆ। ਇੱਕ ਮੌਕੇ ਤੇ ਡਾ. ਮਹਿਮਾ ਨੇ ਕਿਹਾ ਕਿ ਜੇਕਰ ਅਸੀਂ ਸਵੱਛ ਰਹਿਣ ਦੀ ਭਾਵਨਾ ਨਾਲ ਆਪਣਾ ਘਰ, ਦਫਤਰ ਅਤੇ ਆਲਾ ਦੁਆਲਾ ਸਾਫ ਰੱਖਾਂਗੇ ਤਾਂ ਹੀ ਅਸੀਂ ਦੇਸ਼ ਨੂੰ ਸਾਫ ਸੁਥਰਾ ਰੱਖਣ ਵਿੱਚ ਆਪਣਾ ਯੋਗਦਾਨ ਦੇ ਸਕਾਂਗੇ। ਇਸ ਦੇ ਨਾਲ ਦੋ ਫਾਇਦੇ ਹੋ ਸਕਦੇ ਹਾਂ, ਇੱਕ ਆਪਣਾ ਕੰਮ ਕਰਨ ਨਾਲ ਸਾਡੀ ਸਰੀਰਕ ਕਸਰਤ ਹੋ ਜਾਂਦੀ ਤੇ ਦੂਸਰਾ ਜੇਕਰ ਅਸੀਂ ਸਵੱਛਤਾ ਦੀ ਭਾਵਨਾ ਰੱਖਣ ਅਸੀਂ ਕਈ ਬਿਮਾਰੀਆਂ ਤੋਂ ਬੱਚ ਸਕਾਂਗੇ। ਇਸ ਮੌਕੇ ਮੈਨੇਜਰ ਨਿਸ਼ਾ ਰਾਣੀ, ਕਾਉਸਲਰ ਸੰਦੀਪ ਕੁਮਾਰੀ, ਕਾਉਸਲਰ ਪ੍ਰਸ਼ਾਂਤ ਆਦਿਆ, ਕਾਉਸਲਰ ਰਜਵਿੰਦਰ ਕੌਰ, ਸਟਾਫ਼ ਨਰਸ ਹਰਦੀਪ ਕੌਰ, ਗੁਰਸਿਮਰਨ ਸਿੰਘ, ਪ੍ਰਿੰਸ ਗਿੱਲ, ਵਾਰਡ ਅਟੈਡੈਂਟ ਹਰੀਸ਼ ਕੁਮਾਰੀ, ਅਲਕਾ, ਰਜਨੀ, ਰਚਨਾ, ਰਕੇਸ਼ ਆਦਿ ਹਾਜ਼ਿਰ ਸੀ।

# ਧੁੰਦ ਨੇ ਵਿਛਾਈ ਚਿੱਟੀ ਚਾਦਰ, ਵਾਹਨ ਚਾਲਕਾਂ ਨੂੰ ਕਰਨਾ ਪਿਆ ਭਾਰੀ ਮੁਸ਼ਕਿਲਾਂ ਦਾ ਸਾਹਮਣਾ

**ਨਵਾਂਸ਼ਹਿਰ /ਕਾਠਗੜ੍ਹ (ਜਤਿੰਦਰ ਪਾਲ ਸਿੰਘ ਕਲੇਰ )** ਸ਼ਨਿਵਾਰ ਸਵੇਰੇ ਨੂੰ ਮੌਸਮ ਦਾ ਮਿਜਾਜ਼ ਇਕਦਮ ਬਦਲ ਗਿਆ । ਸਵੇਰ ਤੜਕਸਾਰ ਇਲਾਕੇ ਵਿਚ ਸੰਘਣੀ ਧੁੰਦ ਦੀ ਚਾਦਰ ਵਿਛ ਗਈ । ਜਿਸਦੇ ਚੱਲਦੇ ਵਾਹਨ ਚਾਲਕ ਆਪਣੇ ਵਾਹਨਾ ਦੀ ਲਾਈਟਾਂ ਜਗਾਕੇ ਹੌਲੀ ਰਫ਼ਤਾਰ ਵਿਚ ਜਾਣ ਲਈ ਮਜਬੂਰ ਹੋ ਗਏ ਛ ਸਕੂਲਾਂ ਵਿਚ ਵਿਦਿਆਰਥੀਆਂ ਨੂੰ ਜਾਣ ਲਈ ਦਿੱਕਤਾਂ ਦਾ ਸਾਹਮਣਾ ਕਰਦਿਆਂ ਸਕੂਲ ਟਾਈਮ ਕੁਝ ਸਮਾਂ ਬਾਅਦ ਵਿਚ ਪੁੱਜਣਾ ਪਿਆ। ਮੌਸਮ ਦੀ ਪਈ ਪਹਿਲੀ ਧੁੰਦ ਕਾਰਨ ਲੋਕਾਂ ਨੇ ਸੁਹਵਾਨੇ ਮੌਸਮ ਦੀ ਠੰਡਕ ਮਹਿਸੂਸ ਕੀਤੀ ਜਦੋਂ ਕੇ ਇਲਾਕਾ ਭਰ ਵਿੱਚ ਪਿਛਲੇ ਇੱਕ ਹਫਤੇ ਤੋਂ ਮੌਸਮ ਸ਼ਾਮ ਮੁੜ ਮੌਸਮ ਨੇ ਗਰਮੀ ਪਕੜ ਬੇਸ਼ੁਮਾਰ ਗਰਮ ਰਿਹਾ ਅਤੇ ਅੱਜ ਲਈ ।

# ਸੁਲਤਾਨਪੁਰ ਦੇ ਛਿੰਝ ਮੇਲੇ 'ਚ ਪਟਕੇ ਦੀ ਕੁਸ਼ਤੀ ਪ੍ਰਵੀਨ ਕੁਹਾਲੀ ਨੇ ਜਿੱਤੀ

## ਪੰਜਾਬ ਭਰ ਤੋਂ ਨਾਮੀ ਪਹਿਲਵਾਨਾਂ ਨੇ ਦਿਖਾਏ ਆਪਣੇ ਜੌਹਰ

**ਫਿਲੌਰ/ਅੱਪਰਾ, (ਦੀਪਾ)**-ਕਰੀਬੀ ਪਿੰਡ ਸੁਲਤਾਨਪੁਰ ਵਿਖੇ ਧੰਨ ਧੰਨ ਬਾਬਾ ਭਾਈ ਹਰੀਆ ਜੀ ਦੀ ਯਾਦ 'ਚ ਹਰ ਸਾਲ ਦੀ ਤਰਾਂ ਇਸ ਸਾਲ ਵੀ ਛਿੰਝ ਮੇਲਾ ਪ੍ਰਬੰਧਕ ਕਮੇਟੀ ਵਲੋਂ, ਐੱਨ. ਆਰ. ਆਈ ਵੀਰਾਂ ਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਛਿੰਝ ਮੇਲਾ ਕਰਵਾਇਆ ਗਿਆ । ਇਸ ਮੌਕੇ ਪੰਜਾਬ ਭਰ ਤੋਂ ਵੱਡੇ ਤੇ ਛੋਟੇ ਪਹਿਲਵਾਨਾਂ ਤੇ ਛਿੰਝ ਮੇਲੇ 'ਚ ਭਾਗ ਲੈ ਕੇ ਆਪਣੀ ਕੁਸ਼ਤੀ ਦੇ ਜੌਹਰ ਦਿਖਾਏ । ਪਟਕੇ ਦੀ ਕੁਸ਼ਤੀ ਪ੍ਰਵੀਨ ਕੁਹਾਲੀ ਤੇ ਚਾਂਦੀ ਗੁੱਜਰ ਦੇ ਵਿਚਕਾਰ ਹੋਈ, ਜਿਸ 'ਚ ਪ੍ਰਵੀਨ ਕੁਹਾਲੀ ਨੇ ਬਾਜ਼ੀ ਮਾਰ ਲਈ । ਪ੍ਰਬੰਧਕਾਂ ਵਲੋਂ ਜੈਤੂ ਪਹਿਲਵਾਨ ਨੂੰ ਬੁਲੇਟ ਮੋਟਰਸਾਈਕਲ ਨਾਲ ਤੇ ਉਪ ਜੈਤੂ ਪਹਿਲਵਾਨ ਨੂੰ ਨਕਦ ਇਨਾਮ ਨਾਲ ਸਨਮਾਨਿਤ ਕੀਤਾ ਗਿਆ । ਇਸ ਮੌਕੇ ਜਗਦੇਵ ਸਿੰਘ ਪ੍ਰਧਾਨ ਛਿੰਝ ਕਮੇਟੀ, ਕੁਲਵੰਤ ਸਿੰਘ ਸੈਕਟਰੀ, ਕੁਲਵੰਤ ਰਾਜ ਸਾਬਕਾ ਸਰਪੰਚ, ਜਗਦੇਵ ਸਿੰਘ ਜੱਗੀ ਸਾਬਕਾ ਸਰਪੰਚ, ਹਰਨੇਕ ਸਿੰਘ ਰਾਜਾ ਸਾਬਕਾ ਸਰਪੰਚ, ਜਗਤਾਰ ਸਿੰਘ, ਅਮਰਜੀਤ ਕੌਰ ਪੰਚ, ਸੁਰਜੀਤ ਸਿੰਘ, ਹਰਨੇਕ ਸਿੰਘ ਪੰਚ, ਜਗਰੂਪ ਸਿੰਘ, ਅਮਰਜੀਤ ਕੌਰ ਪੰਚ, ਕੁਲਦੀਪ ਸਿੰਘ ਦੀਪਾ, ਮੱਖਣ ਸਿੰਘ, ਮਾਡੂ ਤੇ ਹੋਰ ਮੋਹਤਬਰ ਹਾਜ਼ਰ ਸਨ ।

# ਹੜ੍ਹਾਂ ਦੀ ਮਾਰ ਵਿੱਚ ਆਏ ਸਰਕਾਰੀ ਸਕੂਲਾਂ ਦੇ ਵਿਆਰਥੀਆਂ ਨੂੰ ਰਾਹਤ ਦੇਣ ਲਈ ਤਰਕਸ਼ੀਲ ਸੁਸਾਇਟੀ ਵੱਲੋਂ ਮੁੱਖ ਮੰਤਰੀ ਦੇ ਨਾਂ ਸੰਗਰੂਰ ਦੇ ਡਿਪਟੀ ਕਮਿਸ਼ਨਰ ਨੂੰ ਦਿੱਤਾ ਮੰਗ ਪੱਤਰ

**ਸੰਗਰੂਰ।** ਸੰਗਰੂਰ ਜ਼ਿਲ੍ਹੇ ਨਾਲ ਸਬੰਧਤ ਤਰਕਸ਼ੀਲ ਸੁਸਾਇਟੀ ਪੰਜਾਬ ਦੀਆਂ ਵੱਖ ਵੱਖ ਇਕਾਈਆਂ ਦੇ ਇੱਕ ਵਫ਼ਦ ਨੇ ਅੱਜ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਹੜ੍ਹਾਂ ਦੀ ਮਾਰ ਵਿੱਚ ਆਏ ਕਿਰਤੀ, ਕਾਮਿਆਂ, ਛੋਟੇ ਕਿਸਾਨਾਂ ਅਤੇ ਦੁਕਾਨਦਾਰਾਂ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਨੂੰ ਰਾਹਤ ਦੇਣ ਲਈ ਮੁੱਖ ਮੰਤਰੀ ਪੰਜਾਬ ਦੇ ਨਾਂ ਇੱਕ ਮੰਗ ਪੱਤਰ ਦਿੱਤਾ ਗਿਆ। ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਜਿੱਥੇ ਪੰਜਾਬ ਭਰ ਚੋਂ ਸਹਾਇਤਾ ਇਕੱਠੀ ਕਰਕੇ ਹੜ੍ਹ ਪ੍ਰਭਾਵਿਤ ਖੇਤਰਾਂ ਦੇ ਸਕੂਲੀ ਬੱਚਿਆਂ ਨੂੰ ਕਾਪੀਆਂ ਅਤੇ ਸਟੇਸ਼ਨਰੀ ਦਾ ਸਮਾਨ ਵੰਡਿਆਂ ਜਾ ਰਿਹਾ ਹੈ ਉੱਥੇ ਪੰਜਾਬ ਸਰਕਾਰ ਨੂੰ ਵਿਦਿਆਰਥੀਆਂ ਦੀਆਂ ਪ੍ਰੀਖਿਆਵਾਂ ਦੀਆਂ ਫ਼ੀਸਾਂ ਨੂੰ ਮਾਫ ਕਰਨ ਦੇ ਮੰਗ ਪੱਤਰ ਪੂਰੇ ਪੰਜਾਬ ਵਿੱਚ ਦਿੱਤੇ ਗਏ ਹਨ। ਡਿਪਟੀ ਕਮਿਸ਼ਨਰ ਸੰਗਰੂਰ ਵੱਲੋਂ ਇਸ ਮੰਗ ਨੂੰ ਬਹੁਤ ਹੀ ਵਾਜ਼ਿਬ ਅਤੇ ਜਾਇਜ਼ ਕਹਿੰਦਿਆਂ ਤਰਕਸ਼ੀਲ ਸੁਸਾਇਟੀ ਦੇ ਵਫਦ ਦੀ ਗੱਲ ਧਿਆਨ ਨਾਲ ਸੁਣੀ। ਚੇਤੇ ਰਹੇ ਕਿ ਤਰਕਸ਼ੀਲ ਸੁਸਾਇਟੀ ਪੰਜਾਬ ਪੂਰੇ ਪੰਜਾਬ ਵਿੱਚ ਪਿਛਲੇ ਚਾਰ ਦਹਾਕਿਆਂ ਤੋਂ ਲੋਕਾਂ ਨੂੰ ਅੰਧ ਵਿਸ਼ਵਾਸਾਂ, ਰੂੜ੍ਹੀਵਾਦੀ ਰਸਮਾਂ ਚੋਂ ਕੱਢ ਕੇ ਵਿਗਿਆਨਿਕ ਸੋਚ ਦੇ ਲੜ ਲਾਉਣ ਲਈ ਸੰਘਰਸ਼ਸ਼ੀਲ ਹੈ। ਇਸ ਮੌਕੇ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾ ਆਗੂ ਜੁਝਾਰ ਲੌਂਗੋਵਾਲ, ਤਰਕਸ਼ੀਲ ਮੈਗਜ਼ੀਨ ਦੇ ਸਾਬਕਾ ਸੰਪਾਦਕ ਬਲਬੀਰ ਲੌਂਗੋਵਾਲ,ਜ਼ੋਨ ਮੀਡੀਆ ਮੁਖੀ ਸੀਤਾ ਰਾਮ ਬਾਲਦ ਕਲਾਂ,ਜ਼ੋਨ ਆਗੂ ਗੁਰਦੀਪ ਸਿੰਘ,ਨਾਇਬ ਸਿੰਘ ਰਟੋਲਾਂ, ਇੰਜ ਦੇਵਿੰਦਰ ਸਿੰਘ ਸੁਨਾਮ, , ਸੁਰਿੰਦਰਪਾਲ ਉੱਪਲੀ, ਇੰਜ ਅਸ਼ਵਨੀ ਕੁਮਾਰ ਲਹਿਰਾ ਆਦਿ ਆਗੂ ਹਾਜ਼ਰ ਸਨ।

**ਮਾਸਟਰ ਪਰਮਵੇਦ**
**ਜ਼ੋਨ ਜਥੇਬੰਦਕ ਮੁਖੀ**
**ਤਰਕਸ਼ੀਲ ਸੁਸਾਇਟੀ ਪੰਜਾਬ**
**9417422349**

# ਰਾਸ਼ਟਰੀ ਸਵੈ-ਇਛੁੱਕ ਖ਼ੂਨਦਾਨ ਦਿਵਸ ਦੇ ਰਾਜ ਪੱਧਰੀ ਸਮਾਗਮ ਮੌਕੇ ਖੂਨਦਾਨੀ ਸਿੱਧੂ ਜੋੜਾ ਸਨਮਾਨਿਤ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** - ਰਾਸ਼ਟਰੀ ਸਵੈ-ਇਛੁੱਕ ਖੂਨਦਾਨ ਦਿਵਸ ਦੇ ਸੰਬੰਧ 'ਚ ਪੰਜਾਬ ਸਰਕਾਰ ਦੇ ਸਿਹਤ ਵਿਭਾਗ ਵੱਲੋਂ ਖੂਨਦਾਨ ਦੇ ਖੇਤਰ ਵਿੱਚ ਅਹਿਮ ਯੋਗਦਾਨ ਦੇਣ ਵਾਲੀਆਂ ਸ਼ਖ਼ਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਵਾਰ ਇਹ ਰਾਜ ਪੱਧਰੀ ਸਮਾਗਮ ਪਟਿਆਲਾ ਵਿਖੇ 1 ਅਕਤੂਬਰ ਨੂੰ ਪੰਜਾਬ ਸਟੇਟ ਏਡਜ਼ ਕੰਟਰੋਲ ਸੁਸਾਇਟੀ ਅਤੇ ਪੰਜਾਬ ਸਟੇਟ ਬਲੱਡ ਟਰਾਂਸਫਿਊਜ਼ਨ ਕਾਂਊਸਲ ਵੱਲੋਂ ਆਯੋਜਿਤ ਕੀਤਾ ਗਿਆ। ਇਸ ਸਮਾਗਮ ਵਿੱਚ ਹੁਸ਼ਿਆਰਪੁਰ ਦੇ ਕਸਬਾ ਬੁੱਲ੍ਹੋਵਾਲ ਦੇ ਵਾਸੀ ਖੂਨਦਾਨੀ ਸਿੱਧੂ ਜੋੜਾ ਬਹਾਦਰ ਸਿੰਘ ਸਿੱਧੂ ਅਤੇ ਜਤਿੰਦਰ ਕੌਰ ਸਿੱਧੂ ਜੋ ਕਿ ਇਲਾਕੇ ਵਿੱਚ "ਸਟਾਰ ਕੱਪਲ ਬਲੱਡ ਡੋਨਰ" ਦੇ ਨਾਮ ਨਾਲ ਜਾਣੇ ਜਾਂਦੇ ਹਨ, ਨੂੰ ਖੂਨਦਾਨ ਦੇ ਖੇਤਰ ਵਿੱਚ ਅਹਿਮ ਯੋਗਦਾਨ ਪਾਉਣ ਲਈ ਸਿਹਤ ਮੰਤਰੀ ਪੰਜਾਬ ਡਾ. ਬਲਬੀਰ ਸਿੰਘ ਵੱਲੋਂ ਸਟੇਟ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ। ਜ਼ਿਕਰਯੋਗ ਹੈ ਕਿ ਅਜੋਕੇ ਸਮੇਂ ਵਿੱਚ ਹੁਸ਼ਿਆਰਪੁਰ ਜ਼ਿਲ੍ਹੇ ਦਾ ਪਹਿਲਾ ਜੋੜਾ ਹੈ ਜੋ ਖੂਨਦਾਨ ਦੇ ਖੇਤਰ ਵਿੱਚ ਸਰਗਰਮ ਹੈ। ਇਹ ਜੋੜਾ ਹੁਣ ਤੱਕ 33 ਵਾਰ ਇਕੱਠਿਆਂ ਖੂਨਦਾਨ ਕਰ ਚੁੱਕਿਆ ਹੈ ਅਤੇ ਇਸ ਗਿਣਤੀ ਵਿੱਚ ਲਗਾਤਾਰ ਵਾਧਾ ਜਾਰੀ ਹੈ । ਨਿੱਜੀ ਤੌਰ ਤੇ ਬਹਾਦਰ ਸਿੰਘ ਸਿੱਧੂ 68ਵਾਰ ਅਤੇ ਜਤਿੰਦਰ ਕੌਰ ਸਿੱਧੂ ਨਿੱਜੀ ਤੌਰ ਤੇ 33 ਵਾਰ ਖੂਨਦਾਨ ਕਰ ਚੁੱਕੇ ਹਨ।

**ਫੋਟੋ ਅਜਮੇਰ ਦੀਵਾਨਾ**

# ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:
# HOMOEOPATHIC HEALTH CLINIC (DERBY) REGD.

MANJEET SINGH KHANBA
Award Winner 1999, 2001 & 2005 (2 Awards) BSYA

ਰੋਜ਼ ਕਿਸੇ ਵੀ ਤਰ੍ਹਾਂ ਦਾ ਹੋਏ ਜਾਂ ਹੋਏ ਰੋਗ ਦੀ ਸ਼ੁਰੂਆਤ, ਸਹੀ ਦਵਾਈ ਅਤੇ ਸਹੀ ਇਲਾਜ ਨਾ ਮਿਲਣ ਤੇ ਬੀਮਾਰੀ ਵੱਧ ਜਾਂਦੀ ਹੈ, ਇੱਕ ਨਾ ਕਰੋ ਆਪਣੀ ਮਾਨਸਿਕ ਜਾਂ ਸ਼ਰੀਰਕ ਪ੍ਰੇਸ਼ਾਨੀ ਬਾਰਤ ਸਾਨੂੰ ਫੋਨ ਕਰੋ, ਅਸੀਂ ਮੁਫ਼ਤ ਸਲਾਹ ਮਸ਼ਵਰਾ (FREE CONSULTATION) ਦਿੰਦੇ ਹਾਂ ਅਤੇ ਸਾਰੀਆਂ ਬਿਮਾਰੀਆਂ ਦਾ ਇਲਾਜ ਕਰਦੇ ਹਾਂ, ਜਿਵੇਂ :

GENERAL DISEASES: ਸ਼ੱਕਰ ਰੋਗ (Diabetes), ਦਮੇ ਦੀ ਬੀਮਾਰੀ (Asthma), ਜੋੜਾਂ ਦੀ ਸੋਜ (Arthritis), ਵਾਤ ਰੋਗ (Rheumatism), ਜੋੜਾਂ, ਮਾਸਪੇਸ਼ੀਆਂ, ਗੋਡਿਆਂ-ਮੋਢਿਆਂ, ਪਿੱਠ ਅਤੇ ਗੀਹ ਦੇ ਦਰਦ (Sciatica), ਬਦਹਜ਼ਮੀ (Indigestion), ਮੇਹਦਾ ਕਮਜ਼ੋਰ, ਖੱਟੇ ਡਕਾਰ, ਦਿਲ ਵਿੱਚ ਜਲਨ (Heart Burning) ਅਤੇ ਦਰਦ, ਕਬਜ਼ੀ (Constipation), ਬਵਾਸੀਰ (Piles) ਖ਼ੂਨੀ ਜਾਂ ਬਾਦੀ, ਮੁਹਾਸੇ (Haemorrhoids), ਅਫਾਰਾ (Flatulence), ਪੀਲੀਆ ਰੋਗ (Jaundice), ਜਿਗਰ ਦਾ ਸੁੱਜ ਜਾਣਾ (Hepatitis), ਹਰਨੀਆਂ (Hernia), ਬਲੱਡ ਪ੍ਰੈਸ਼ਰ (Blood Presure High or Low), ਕਲਸੇਜ, ਅੱਗਾ ਦਿੱਚ ਪਾਣੀ ਭਰਨਾ, ਚੁੱਕ ਪੈਣੀ, ਮੁਟਾਪਾ (Obesity), ਅੱਧੇ ਜਾਂ ਪੂਰੇ ਸਿਰ ਦਾ ਦਰਦ (Migraine), ਵਾਲਾਂ ਦਾ ਟੁੱਟਣਾ (Hair Falling) ਜਾਂ ਸਮੇਂ ਤੋਂ ਪਹਿਲੇ ਸਫੇਦ ਹੋ ਜਾਣਾ, ਗੰਜ, ਚਿਹਰੇ ਤੇ ਛੋਲਾਪਣ (Alopecia), ਚੇਹਰੇ ਦੇ ਮੁਹਾਸੇ (Acne), ਝਿਲਮੀ, ਛਿਹਰੀ (Pigmentation), ਖੁਰਲੀਆਂ ਅਤੇ ਸਫੀਆ, ਮੰਹ ਦਾ ਦਰਦ, ਮਸੂੜਿਆਂ ਵਿੱਚੋਂ ਖ਼ੂਨ ਅਤੇ ਪੀਸ ਨਿਕਲੇ (Bleeding Gums & Pyorrhoea), ਕੰਨਾਂ ਵਿੱਚੋਂ ਪੀਪ ਦਾ ਆਉਣਾ ਜਾਂ ਪਰਦੇ ਵਿੱਚ ਮੋਰੀ, ਕੰਨਾਂ ਵਿੱਚ ਆਵਾਜਾਂ ਸੁਣਨੀਆਂ (Tinnitis) ਜਾਂ ਬੋਲਾਪਣ, ਖ਼ੂਨ ਦੀ ਬੀਮਾਰੀਆਂ, ਮਮਰੇ ਦੀ ਸੋਜ, ਪਿਸ਼ਾਬ ਦੀ ਰੁਕਾਵਟ ਅਤੇ ਜਲਨ, ਪਿਸ਼ਾਬ ਵਿੱਚ ਖ਼ੂਨ ਆਉਣਾ, ਰੁਕਵੇ ਵਿੱਚ ਪੱਥਰੀ, ਚੱਕਰ (Vertigo), ਖਰਾਬ-ਨੀਂਦ, ਕਮਜ਼ੋਰੀਨਾਸ਼ (Anaemia), ਛਾਤ ਘੱਟਣਾ, ਨਾੜਾਂ ਵਿੱਚ ਦਰਦ (Neuralgia), ਮਾਨਸਿਕ ਨਿਘਾਸਨਾ ਅਤੇ ਖੋਹਿਲੀ (Depression).

{ ਖੁਜਲੀ Eczema ਜਾਂ ਸੋਰਾਈਸਿਸ Psoriasis, ਮਿਰਗੀ ਦੇ ਦੌਰੇ Epileptic Fits, ਨਿਰਉਤਸ਼ਾਹ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

**EYE DROPS:** ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜ਼ਮਾਓ) £13

**TONICS -** 1) ਸ਼ਰੀਰਕ ਸ਼ਕਤੀ ANAEMIA, ਖ਼ੂਨ ਦੇ ਘੱਟ ਜੰਗਣ, ਸ਼ਰਮੀਕਲ ਅਪ੍ਰੇਸ਼ਨ ਜੇ ਪ੍ਰੈਗਨੈਂਸੀ ਤੋਂ ਬਾਅਦ ਆਈ ਕਮਜ਼ੋਰੀ ਨੂੰ ਦੂਰ ਕਰਦਾ ਹੈ (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

2) ਮਾਨਸਿਕ ਸ਼ਕਤੀ ਲਈ (NERVE TONIC)- ਮਾਨਸਿਕ ਤਨਾਅ, ਥਕਾਣ, ਉਦਾਸੀਪਣ, ਪ੍ਰੇਸ਼ਾਨੀ, ਡਿਪ੍ਰੈਸ਼ਨ ਤੇ ਹਰ ਬਿਮਾਰੀ ਵਿਚ ਮਦਦ, ਹਰ ਕਿਸੇ ਲਈ (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

## ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

| | | |
|---|---|---|
| 1) | ਮਰਦਾਨਾ ਤਾਕਤ ਦਾ ਫੈਲਾਓ ਨੁਸਖਾ- -------- 1 ਮਹੀਨੇ ਦੀ ਕੀਮਤ | £35 |
| 2) | ਥੁਕਵਾਟ ਦਾ ਸੁਨਿਹਰੀ ਨੁਸਖਾ- -------- 1 ਮਹੀਨੇ ਦੀ ਕੀਮਤ | £35 |
| 3) | ਧਾਤ ਲਈ (ਵੀਰਜ ਨੂੰ ਗਾੜਾ ਕਰਕੇ HEALTHY SPERMS) ਪੈਦਾ ਕਰਦਾ ਹੈ-1 ਮਹੀਨੇ ਦੀ ਕੀਮਤ | £40 |
| 4) | ਲੰਮੇ ਸਮੇਂ ਤੋਂ ਹੱਥ ਕਾਮੀ ਕਾਰਨ ਪੈਦਾ ਹੋਈ ਨਾਮਰਦੀ- -------- 1 ਮਹੀਨੇ ਦੀ ਕੀਮਤ | £35 |
| 5) | ਗਲਤਫਹਮੀਆਂ ਕਾਰਨ ਜਿੰਗ ਕਮਜ਼ੋਰ, ਨੱਸ, ਟੇਢਾ ਅਤੇ ਛੋਟਾ- ------- 1 ਮਹੀਨੇ ਦੀ ਕੀਮਤ | £35 |
| 6) | ਨਰਿਆਂ ਕਾਰਨ ਸ਼ਰੀਰਕ ਕੰਜ਼ਰੋਰ ਦੀ ਕਮਜ਼ੋਰੀ ਅਤੇ ਨਾਮਰਦੀ -------- 1 ਮਹੀਨੇ ਦੀ ਕੀਮਤ | £30 |
| 7) | ਸ਼ੁਗਰਲੇਵਲ ਦੀ ਬਿਮਾਰੀ ਦਾ ਨੁਸਖਾ- -------- 1 ਮਹੀਨੇ ਦੀ ਕੀਮਤ | £25 |
| 8) | ਸ਼ਰੀਰਕ ਅਤੇ ਜਿੰਗ ਦੀਆਂ ਨਸਾਂ ਦੀ ਕਮਜ਼ੋਰੀ ਲਈ ਹੋਰ- -------- 1 ਮਹੀਨੇ ਦੀ ਕੀਮਤ | £25 |

ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :

ਐਜ਼ੂਸਪਰਮੀਆਂ (AZOOSPERMIA), ਸਫੇਂ ਵੀਰਜ ਵਿਚਲੇ ਸਪਰਮ ਕਮਜ਼ੋਰ, ਸ਼ਕਤੀਹੀਨ ਹੋਣ ਜਾਂ ਸਪਰਮ ਬਿਲਕੁਲ ਹੀ ਨਾ ਹੋਣ, ਅੰਡਕੋਸ਼ ਵਿਚ ਪਾਣੀ ਭਰਨਾ (HYDROCELE), ਸੁਜਾਕ (GONORRHOEA), ਸੁਪਾਰੀ ਦੀ ਸੋਜ, ਵਾਰ-ਵਾਰ ਪੇਸ਼ਾਬ ਆਉਣ ਅਤੇ ਕਰਦੇ ਸਮੇਂ ਜਲਨ, ਪ੍ਰਸਟੇਟ ਗ੍ਰੰਥੀ (PROSTATE GLAND) ਦੀ ਸੋਜ ਕਾਰਨ ਵਡੇਰੀ ਉਮਰ ਵਾਲੇ ਰੋਗੀ ਨੂੰ ਪਿਸ਼ਾਬ ਦੇ ਰੋਗ, ਬਹੁਤ ਮੋਟੇ ਰੋਗੀ ਦੀ ਨਾਮਰਦੀ, ਆਤਸ਼ਕ (SYPHILIS) ਕਾਰਨ ਜਿੰਗ ਉਤੇ ਸਖਤ ਜ਼ਖਮ, SPERMATIC ਗ੍ਰੰਥੀ ਦੀਆਂ ਨਸਾਂ ਦਾ ਫੁਲਣਾ (VARICOCELE), ਅੰਡਕੋਸ਼ਾਂ ਦਾ ਕਠਨਾਣਾ ਵਗੈਰਾ ਵਗੈਰਾ ਬੀਮਾਰੀਆਂ ਦਾ ਇਲਾਜ ਵੀ ਅਸੀਂ ਹਾਸਲੀਕਯਕ ਕਰਦੇ ਹਾਂ, ਹੋਰ ਜਾਣਕਾਰੀ ਲਈ ਫੋਨ ਕਰੋ ਜੀ।

## ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

ਮਾਹਵਾਰੀ ਦਾ ਦਰਦ ਜਾਂ ਰੋਜ ਨਾਲ ਆਉਣਾ ਜਾਂ ਬਹੁ ਮਾਤਰਾ ਵਿਚ ਮਾਹਵਾਰੀ, ਜਾਂ ਦਰਦ ਨਾਲ ਆਉਣਾ (Dysmenorrhoea), ਲਿਕੋਰੀਆ ਪਕਦਰ (ਚਰਿਦ ਪਾਣੀ), ਛਾਤੀਆਂ ਦਾ ਸੁੱਜਣਾ ਜਾਂ ਛੋਟੇ ਹੋਣਾ (Atrophy of Mammae) ਜਾਂ ਛਾਤੀਆਂ ਬਹੁਤ ਛਾਤੀਆਂ ਅਤੇ ਮੋਟੀਆਂ, ਛਾਤੀਆਂ ਵਿੱਚ ਸੋਜ (Mastitis), ਛਾਤੀਆਂ ਦਾ ਕੈਂਸਰ, ਛਾਤੀਆਂ ਦੀਆਂ ਡੰਡੀਆਂ ਸੁੰਨ ਜਾ ਡੰਡੀਆਂ ਤੇ ਚੀਰ, ਛਾਤੀਆਂ ਵਿੱਚ ਕੰਬਣੀ, ਦੁੱਧ ਬੰਦ, ਬੱਚੇਦਾਨੀ (Uterus) ਵਿਚੋਂ ਵਾਉ ਦਾ ਸਰਨਾ (Physometra) ਜਾਂ ਬੱਚੇਦਾਨੀ ਖੁਲ੍ਹ ਜਾਣ ਦਾ ਅਹਸਾਸ, ਬੱਚੇਦਾਨੀ ਦਾ ਆਪਣੀ ਥਾਂ ਤੋਂ ਹੱਟਣਾ ਜਾਂ ਬਾਹਰ ਆਉਣਾ, ਬੱਚੇਦਾਨੀ ਵਿਚ ਗਲੀਲੀ (Fibroid Uterine), ਅੰਡਾਦਾਨੀ ਦੇ ਰੋਗ (Diseases of Ovaries), ਅੰਡਾਦਾਨੀ ਵਿਚ ਗਲਜ਼ੇ (Ovarian Cysts), ਯੋਨੀ ਦੀ ਇਕਦਮਵਰ ਸੁੰਕੜੁਣ (Vaginimus), ਯੋਨੀ ਦੀ ਸੋਜ (Vaginitis), ਔਰਤਾਂ ਵਿੱਚ ਕਾਮਵਾਸ਼ਨਾ ਦਾ ਘੱਟ ਹੋਣਾ ਜਾਂ ਨਾ ਹੋਣਾ (Frigidity), ਸੰਭੋਗ ਵੇਲੇ ਜਾਂ ਮਗਰੋਂ ਜਲਨ ਦਾ ਹੋਣਾ, ਜਣਨ ਅੰਗਾਂ ਦੀ ਖੁਜਲੀ (Pruritis), ਜਣਨ ਅੰਗਾਂ ਵਿੱਚ ਫੁਟਕੇ ਅਤੇ ਫਟਵਰ, ਲੰਮਾ ਵੇਲ ਸਮੇਂ ਸੁਮਾਦ ਨਾ ਆਵੇ, ਬਾਂਝਪਣ (Sterility), ਗਰਭਪਾਤ ਦਾ ਵਾਰ ਵਾਰ ਹੋਣਾ (Miscarriage) ਗਰਭ ਸਮੇਂ ਦੇ ਰੋਗ ਜਾਂ ਜਣੇਪੇ ਮਗਰੋਂ ਦੇ ਰੋਗ (Diseases of Post Partum) ਅਤੇ ਮਾਹਵਾਰੀ ਬੰਦ ਵੇਲੇ ਦੇ ਰੋਗ (Menopause Disorders) - ਹੋਰ ਜਾਣਕਾਰੀ ਲਈ ਫੋਨ ਕਰੋ।

**ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।**

LADY CONSULTANT & PRECTITIONER IS AVAILABLE. MRS. JASWINDER KAUR KHANBA BSYA. (HOM.), (A.P) AND (NUTRI.)

## ਔਰਤਾਂ ਲਈ ਖੁਸ਼ਬਤੀ ਤੋਹਫੇ ਅਤੇ ਨੁਸਖੇ (SCIENTIFICALLY PROVEN 'NATURAL GIFTS')

ਮੁਫ਼ਤਾਵਰ ਪੰਫਿਲਟ ਵਿਚ ਪੂਰੀ INFORMATION, ਲਾਭ ------ (1 ਮਹੀਨੇ ਦੀ ਕੀਮਤ)

ਨੁਸਖਾ ਨੰਬਰ 1 (IN TABLETS) : ਇਹ ਦਵਾਈ ਔਰਤਾਂ ਦੇ ਚਿਹਰੇ ਦੇ ਚਿੱਟੇ ਦਾਗ਼ਾ (PIGMENTATION WHITE SPOTS) ਦਾ ਖੁਸ਼ਬਤੀ ਸਫ਼ਾਇਆ ਕਰਦੀ ਹੈ - ਇਕ ਮਹੀਨੇ ਦੀ ਕੀਮਤ -- **£69**

ਨੁਸਖਾ ਨੰਬਰ 2 (IN CAPSULES OR IN PEARLS) : ਬੱਚਿਆਂ ਦੀ ਪੈਦਾਇਸ਼ ਅਤੇ ਦੁੱਧ ਚੁਆਉਣ ਕਾਰਣ ਔਰਤਾਂ ਦੀਆਂ ਖਿੱਚੀਆਂ ਹੋਈਆਂ ਛਾਤੀਆਂ ਨੂੰ ਸ਼ੇਪ ਕਰਕੇ ਸਹੀ PROPER SHAPE ਦਿੰਦੀ ਹੈ - **£89**

ਨੁਸਖਾ ਨੰਬਰ 3 (IN CAPSULES) : ਇਹ ਦਵਾਈ ਹਰ ਉਮਰ ਵਿਚ ਭਾਰ ਘਟਾਉਂਦੀ ਹੈ (POWERFUL FAT BURNER) ਸਰੀਰ ਵਿਚ ਚੁਸਤੀ ਅਤੇ ਫੁਰਤੀ ਪਾਉਂਦੀ ਹੈ । ---------- **£69**

ਨੁਸਖਾ ਨੰਬਰ 4 (IN CAPSULES) : ਇਹ ਦਵਾਈ ਔਰਤਾਂ ਦੇ ਵਧੇ ਹੋਏ ਲਟਕਦੇ ਢਿੱਡ (FLABBY & OUT OF SHAPE BELLY) ਨੂੰ ਘਟਾ ਕੇ FLAT ਅਤੇ TONED ਕਰਕੇ ਛਾਤੀਆਂ ਦੇ ਉਭਾਰ ਨੂੰ ਉਮਦਾਰ ਕਰਦੀ ਹੈ - **£69**

ਨੁਸਖਾ ਨੰਬਰ 5 (IN CAPSULES) ਔਰਤਾਂ ਵਿਚ ਘਟੀ ਹੋਈ ਕਾਮ-ਵਾਸ਼ਨਾ (FEMALE SEX-DRIVE) ਨੂੰ ਵਧਾ ਕੇ ਇਹ ਦਵਾਈ ਮਾਨਸਿਕ ਅਤੇ ਸਰੀਰਕ ਤੰਦਰੁਸਤੀ ਪੈਦਾ ਕਰਦੀ ਹੈ । A REAL MAGIC ਹਰ ਔਰਤ ਲਈ- **£69**

ਨੁਸਖਾ ਨੰਬਰ 6 (GEL IN APPLICATORS): ਯੋਨੀ ਵਿਚੋਂ ਖ਼ੁਸ਼ਕੀ ਅਤੇ ਸਮਾਨ ਕਾਰਣ SEXUAL DISCOMFORT ਨੂੰ ਦੂਰ ਕਰਕੇ ਕਾਮ-ਵਾਸ਼ਨਾ 'ਚ ਵਾਧਾ ਕਰਕੇ ਜ਼ਬਰਦਸਤ ਖ਼ੁਸ਼ੀ ਪ੍ਰਦਾਨ ਕਰਦੀ ਹੈ VAGINAL LUBRICATION GEL / (MAGIC) ---**£49**

ਨੁਸਖਾ ਨੰਬਰ 7 (IN CAPSULES) : ਮਾਹਵਾਰੀ ਬੰਦ (MENOPAUSE) ਹੋਣ ਬਾਅਦ ਸਰੀਰ ਵਿਚ CALCIUM ਦੀ ਘਾਟ ਕਾਰਣ ਪਾਣੀਹੀਨਾ ਹੱਡੀਆਂ ਦੀਨਾ ਬਰਕਲੀਫ਼ (OSTEOPOROSIS) ਤੋਂ ਬਚਾਅ ------ **£59**

ਨੁਸਖਾ ਨੰਬਰ 8 (IN CAPSULES): ਇਹ ਦਵਾਈ ਚਾਕਲੇਟ ਵਾਲਾ ਮੋਲਾ ਦੀਆਂ ਦਵਾਈਆਂ ਨੂੰ ਬੰਦ ਕਰਦੀ ਹੈ -**£59**

ਨੁਸਖਾ ਨੰਬਰ 9 (IN CAPSULES) ਬੱਚਾ ਗਰੀ ਉਮਰ ਵਿਚ ਘੱਟ ਗਰੀ ਹਾਲਤਾਂਅਤਰ ਲਈ ਇਹ ਇਕ ਅਜ਼ੂਬਾ ਹੈ- **£59**

ਨੁਸਖਾ ਨੰਬਰ 10 (IN CAPSULES) : ਇਹ ਦਵਾਈ ਮਾਨਸਿਕ ਅਤੇ ਸਰੀਰਕ ਥਿਤਾਵਾ ਨੂੰ ਦੂਰ ਕਰਕੇ ਚੰਗਵਾਤੀ ਅਤੇ ਸ਼ਾਤਕਾਰੀ ਨੀਂਦ ਲਿਆਉਂਦੀ ਹੈ GUARANTEED GOOD QUALITY SLEEP ------- **£59**

ਨੁਸਖਾ ਨੰਬਰ 11 (IN TABLETS): ਇਹ ਦਵਾਈ ਗਰਭਨਰੋਕਾਤਰ, ਮੁਫ਼ਤ ਦੀ ਗਰਮੀ (ABORTION) ਵਿਚ ਪਰਦੇ ਅਤੇ ਲੋਕਾਂ ਦੇ ਪੁਰਾਣੇ ਗਰਭ ਦੀ ਰੁਕਾਵਟ ਕਰਕੇ ਚਮਤਕੀ ਨੂੰ ਦੂਰ ਕਰਦੀ ਹੈ ---------- **£49**

### ਮਰਦਾਂ ਲਈ ਖੁਸ਼ਬਤੀ ਤੋਹਫੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

ਨੁਸਖਾ ਨੰਬਰ 12 (IN TABLETS): ਉਹਨਾ ਖਾਸ ਮੌਕਿਆਂ (SPECIAL OCCASIONS) ਤੇ ਮਜ਼ਾ ਨੂੰ ਆਪਣੀ ਮਰਜ਼ਾਨਸ਼ੀ ਦੀ ਛਾਪ ਛੱਡਣ ਵਿਚ ਇਹ ਦਵਾਈ ਮਦਦ ਕਰਦੀ ਹੈ ---- **£89**

ਨੁਸਖਾ ਨੰਬਰ 13 (IN VIALS): ਮਰਦ ਦੀ ਮਰਜ਼ਾਨਸ਼ੀ ਨੂੰ ਰੋਗਤ (ਘਟੇ ਹੋਏ) ਮਿਕਦਾਰੀ ਮਰਜ਼ੀ--- **£89**

ਨੁਸਖਾ ਨੰਬਰ 14 (IN TABLETS): ਬਹਾਦਰੀ ਉਮਰ ਵਿਚ ਮਰਦਾਂ ਨੂੰ ਆਉਣ ਵਾਲਿਆਂ ਪਿਸ਼ਾਬ ਅਤੇ SEXUAL ਸਮੱਸਿਆਵਾਂ MALE DISORDERS ਨੂੰ ਇਹ ਦਵਾਈ ਹੱਲ ਕਰਦੀ ਹੈ ---- **£69**

## ਅੱਡਿਆਂ ਦੀ ਬੀਮਾਰੀਆਂ, ਜਿਵੇਂ:

ਡਰ, ਹਿਸਟੀਰੀਆ, ਅਨੀਂਦਾ, ਚੋਣਾ, ਬੱਲ ਦੀਆਂ ਬੀਮਾਰੀਆਂ, ਨਜ਼ਲਾ-ਜ਼ੁਕਾਮ, ਨਕਸੀਰ, ਬੱਲ ਪੱਤੇ, ਤੁਤਲਾਉਣਾ, (Stammering), ਟੌਂਸਿਲ, (Tonsilits), ਕਬਜ਼ੀ, ਦਸਤ, ਬਦਹਜ਼ਮੀ, ਪੇਟਦਿਆ ਕੀੜੇ (Worms), ਸੁੱਤਿਆਂ ਪਿਸ਼ਾਬ ਨਿਕਲਣਾ (Enuresis), ਸਾਹ (Wheezing Problem), ਖਾਂਸੀ ਅਤੇ ਕਾਲੀ-ਖਾਂਸੀ, ਖੁਸ਼ਕੀ ਚੰਬਲ, ਖਾਰ (Eczema), ਚਮੜੀ ਰੋਗ ਦੇ ਧੱਫੜ, ਸੋਰਾਈਸਿਸ (Psoriasis), ਅਨਮਾਨੀ, ਕਮਤਖੀਣਤਾ (Anaemia), ਸਰੀਰ ਦਾ ਕੱਦ, ਪਿਛੜੇ ਬੱਚੇ (Backward Children), ਬੱਚਿਆਂ ਦੀਆਂ ਹੱਡੀਆਂ ਦਾ ਵਿੰਗਾ ਟੇਢਾ ਹੋਣਾ (Rickets), ਮਿਰਗੀ (Epilepsy) ਵਗੈਰਾ ।

## ਅਸੀਂ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿੰਦੇ ਹਾਂ ਸਾਡੇ ਆਪਣੇ ਖੁਦ SPECIFIC BRANDS ਇਸ ਤਰ੍ਹਾਂ ਹਨ (ਇਹ ਸਾਰੇ ਢਾਂਚਾ ਕੰਮ ਕਰਦੇ ਹਨ)

| | | |
|---|---|---|
| **PILAES** (IN OINTMENT) | - ਬਵਾਸੀਰ ਦੀ ਬਿਮਾਰੀ ਵਿਚ ਪਖਾਨੇ ਰਾਹਵਾ ਖੂਨ ਵਿਚ ਖੁਜਲੀ ਅਤੇ ਸਫਾਣ ਤੋਂ ਆਰਾਮ | £19 |
| **NURALACO** (IN OINTMENT OR LOTION) | --- ਨਾੜਾਂ ਦੇ ਦਰਦ ਅਤੇ ਸਿਰ ਤੋਂ ਆਰਾਮ ----- | £19 |
| **CHILLAGA** (IN OINTMENT OR LOTION) | ---ਠੰਢ ਕਾਰਣ ਹੋਏ ਹੋਰ ਚੀਜ਼ਾਂ ਉਤਪਨ ਚ ਦਰਦ ਤੇ ਸਿਰ ਤੋਂ ਆਰਾਮ | £19 |
| **ARNSTRA** (IN OINTMENT) | ------- ਚਮੜਾ, ਸੋਜ (SPRAINS) ਚੋਟਾਂ ਸੱਟ ਨਾਲ ਹੋਏ ਜਖਮਾਂ ਜਾ (BED SORES) ਨੂੰ ਆਰਾਮ | £19 |
| **BELINFLA** (IN OIL OR OINTMENT) | ---ਨਸਾਂ, ਪੱਠਿਆਂ ਅਤੇ ਸੋਜਾ ਵਿਚ ਸਿਰ, ਲਾਲੀ ਤੇ ਖਿਚ ਦਰਦ ਨੂੰ ਆਰਾਮ | £19 |
| **BELULCE** (IN OIL) | ---- ਸੱਟ ਲੱਗਣ ਕਾਰਣ ਹੋਏ ULCERS ਅਤੇ ਜਖਮਾਂ ਨੂੰ ਆਰਾਮ ---------- | £19 |
| **BRYJOIN** (IN OIL) | -ਸੱਟਾ ਦਾ ਦਰਦਾ, ਫਾਲ ਬੈਠਾ ਨਾਲ ਗਲਤਨਾਕ ਵਿਚ ਅਤੇ ਸੱਟਾਂ 'ਚ ਅਫਰਾਫਾਟ ਨੂੰ ਆਰਾਮ - | £19 |
| **CALWOUN** (IN OIL OR OINTMENT) | --- ਸੱਟ ਕਾਰਣ ਜਖਮਾਂ ਦੀ ਪੀਕ ਜਾ ਸਹਤ ਜਾਣ ਤੇ ਸਮਤ ਦਰਦਾ ਤੋਂ ਆਰਾਮ- | £19 |
| **BURCAN** (IN LOTION OR OINTMENT) | -ਤਿਲਾਂ ਜੀ ਤਰ੍ਹਾਂ ਮਸਣ ਦੇ ਦਰਦਾ ਅਤੇ ਛਾਲਿਆਂ ਤੋਂ ਮੁਕੰਮਲ ਆਰਾਮ --- | £19 |
| **ROUTUM** (IN OINTMENT) | - ਸਰੀਰ ਦੇ ਤਿਲਾਂ ਜੀ ਤਿੱਲੇ ਵਿਚ ਕਿਸਟੀਆਂ ਦੀ ਸਿਰ ਅਤੇ ਦਰਦਾ ਤੋਂ ਆਰਾਮ ---- | £19 |
| **JOINRHU** (IN OIL) | - ਸੋਜਾ ਦੇ ਦਰਦਾ, ਸਿਰ ਸੱਟਾਂ ਦਰਦਾ, ਚੱਕ ਪੈਣ ਅਤੇ ਕੋਲੋਸਾਲ ਪੱਠਿਆਂ ਦੀ ਸਿਰ ਤੋਂ ਆਰਾਮ- | £19 |
| **ASSSIL** (IN LOTION) | -- ਕਿਸਟੀਆਂ ਜਾ ਛੋਟੇ ਪੱਕ ਤੇ ਜਖਮ ਬਣ ਜਾਣ ਦੀ ਹਾਲਤ ਵਿਚ ਮੁਕੰਮਲ ਆਰਾਮ ---- | £19 |
| **ITCSUL** (IN OIL) | ---- ਸਰੀਰ ਉੱਤੇ ਤਿਲੀ ਜੀ ਤਰ੍ਹਾਂ ਦੀ ਖਾਰਸ਼ ਤੋਂ ਆਰਾਮ ---------- | £19 |
| **WARTHU** (IN OIL) | - ਹਰ ਤਰ੍ਹਾਂ ਦੇ ਮੁਸਾਫ, ਤਲ, ਸਪਰੇਅ ਜਾ ਗੰਢਾਂ ਦੇ ਫੁੱਲ ਵਰਗੇ ਮੁਹਾਸੇ (WARTS) ਤੋਂ ਆਰਾਮ --- | £19 |

* HOMOEOPATHIC HEALTH CLINIC ਦੇ ਨਾਂ 'ਚੋਂ ਹੋਰ ਹੋਸਪਾਲ ਆਰਗੇਨਾਇਜ਼ ਜਾਂ ਫੀਲਿਆ ਚਲਾਈ ਗਈਆਂ ।
(ਹਰ ਆਰਗੇਨਾਇਜ਼ ਲਾਭ £10 ਹਿੱਸਿਆ ਤੇ ਹੋਸਪਾਲ ਲਈ)

ਹਰ ਤਰ੍ਹਾਂ ਦੇ ਲਿਸਿਆਂ ਅਤੇ ਉਹਨਾ ਨਾਲ ਸਰੀਰ 'ਚ ਪਏ ਨੁਕਸਾ ਤੋਂ ਮੁਕੰਮਲ ਛੁਟਕਾਰਾ ਪੈਣ ਸਮਾਣਯਾਬੀ ਲਈ ਫੋਨ ਕਰੋ
ALL INFORMATION IS KEPT STRICTLY CONFIDENTIAL

PLEASE MAKE AN APPOINTMENT: MANJEET SINGH KHANBA
M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER.
236, BLAGREAVES LANE, LITTLEOVER, DERBY. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com

OPEN 7 DAYS
STRICTLY ON APPOINTMENTS

# ਵਿਧਾਇਕ ਸੰਤੋਸ਼ ਕਟਾਰੀਆ ਨੇ ਵਲੰਟੀਅਰਾਂ ਸਮੇਤ ਦੁਸਹਿਰਾ ਸਮਾਗਮ ਵਿੱਚ ਕੀਤੀ ਸ਼ਿਰਕਤ

**ਬਲਾਚੌਰ, (ਜਤਿੰਦਰ ਪਾਲ ਸਿੰਘ ਕਲੇਰ )** ਦੁਸਹਿਰਾ ਪ੍ਰਬੰਧਕ ਕਮੇਟੀ ਮੈਂਬਰਾਂ ਤੇ ਸਮੂਹ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਬਲਾਚੌਰ ਵਿਖੇ ਦੁਸਹਿਰਾ ਗਰਾਊਂਡ 'ਚ ਬਦੀ 'ਤੇ ਨੇਕੀ ਦੀ ਜਿੱਤ ਦਾ ਪ੍ਰਤੀਕ ਦੁਸਹਿਰੇ ਦਾ ਤਿਉਹਾਰ ਬੜੀ ਹੀ ਧੂਮਧਾਮ ਨਾਲ ਮਨਾਇਆ ਗਿਆ। ਸਵੇਰ ਤੋਂ ਹੀ ਦੁਸਹਿਰਾ ਗਰਾਊਂਡ 'ਚ ਬਣੇ ਰਾਵਣ, ਕੁੰਭਕਰਨ ਤੇ ਮੇਘਨਾਦ ਦੇ ਪੁਤਲਿਆਂ ਨੂੰ ਦੇਖਣ ਲਈ ਲੋਕਾਂ ਦੀ ਭਾਰੀ ਭੀੜ ਦੇਖਣ ਨੂੰ ਮਿਲੀ ਤੇ ਬਾਜ਼ਾਰਾਂ ਚ ਵੀ ਲੋਕਾਂ ਦੀ ਭਾਰੀ ਭੀੜ ਸੀ।ਲੋਕਾਂ ਨੇ ਦੁਸਹਿਰਾ ਮੇਲਾ ਦੇਖਣ ਦੇ ਨਾਲ-ਨਾਲ ਖਰੀਦਦਾਰੀ ਵੀ ਕੀਤੀ। ਇਸ ਦੌਰਾਨ ਭਗਵਾਨ ਸ਼੍ਰੀ ਰਾਮ ਚੰਦਰ, ਸੀਤਾ ਮਾਤਾ, ਲਛਮਣ ਤੇ ਹਨੂੰਮਾਨ ਦੀਆਂ ਸੁੰਦਰ ਝਾਕੀਆਂ ਵੀ ਸਜਾਈਆਂ ਗਈਆਂ। ਮੇਲੇ ਦੌਰਾਨ ਮੈਡਮ ਸੰਤੋਸ਼ ਕਟਾਰੀਆ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਦੇਰ ਸ਼ਾਮ ਪ੍ਰਬੰਧਕ ਕਮੇਟੀ ਦੇ ਸਮੂਹ ਮੈਂਬਰਾਂ ਤੇ ਹੋਰ ਪਤਵੰਤਿਆਂ ਦੀ ਹਾਜ਼ਰੀ 'ਚ ਰਾਵਣ, ਮੇਘਨਾਥ, ਕੁੰਭਕਰਨ ਨੂੰ ਅਗਨ ਭੇਟ ਕੀਤਾ ਗਿਆ। ਕਮੇਟੀ ਮੈਂਬਰਾਂ ਵੱਲੋਂ ਬੀਬੀ ਸੰਤੋਸ਼ ਕਟਾਰੀਆ ਦਾ ਮੇਲੇ 'ਚ ਪਹੁੰਚਣ 'ਤੇ ਧੰਨਵਾਦ ਕੀਤਾ। ਉਨ੍ਹਾਂ ਦੱਸਿਆ ਕਿ ਦੁਸਹਿਰੇ ਦਾ ਤਿਉਹਾਰ ਸਮੂਹ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬੜੀ ਹੀ ਧੂਮਧਾਮ ਨਾਲ ਮਨਾਇਆ ਗਿਆ ਤੇ ਬੱਚਿਆਂ ਤੇ ਨੌਜਵਾਨਾਂ ਵੱਲੋਂ ਮੇਲੇ ਦਾ ਖੂਬ ਆਨੰਦ ਮਾਣਿਆ ਗਿਆ। ਮੇਲੇ ਦੌਰਾਨ ਥਾਣਾ ਬਲਾਚੌਰ ਦੀ ਪੁਲਿਸ ਟੀਮ ਨੇ ਪੁਖਤਾ ਪ੍ਰਬੰਧ ਕੀਤੇ ਗਏ। ਇਸ ਮੌਕੇ ਨਰਿੰਦਰ ਟਿੰਕੂ ਘਈ ਪ੍ਰਧਾਨ ਦੁਸਹਿਰਾ ਕਮੇਟੀ ਤੇ ਮੈਂਬਰ, ਚੰਦਰ ਮੋਹਣ ਜੇਡੀ ਜਿਲ੍ਹਾ ਮੀਡੀਆ ਇੰਚਾਰਜ, ਪ੍ਰਧਾਨ ਲਾਡੀ ਰਾਣਾ,ਕੁਲਦੀਪ ਟੀਟੂ, ਵਿਸ਼ੂ ਰਾਣਾ,ਅਜੇ ਬਿੱਟੂ,ਰਾਧੇ ਸ਼ਾਮ ਬਿੱਲੂ,ਨਿਰਮਲਾ ਰਾਣੀ, ਰਣਜੀਤ ਕਾਕਾ,ਅਜੇਪਾਲ ਬਿੱਟੂ, ਜਸਵਿੰਦਰ ਸਿਆਣ,ਹਨੀ ਡੱਬ,ਗੁਰਪ੍ਰੀਤ ਸਿੰਘ ਸੈਣੀ ਗੋਪੀ, ਵਿਨੋਦ ਬੈਂਸ,ਗੌਰਵ,ਪਰਮਜੀਤ,ਰਾਮ ਪਾਲ ਮਹੈਸੀ,ਕਾਲੂ ਸੈਣੀ,ਸੰਤੋਖ ਸਿੰਘ ਸੈਣੀ ਵੀ ਹਾਜ਼ਰ ਸਨ।

ਸਮਾਜ ਵੀਕਲੀ ਨਿਊਜ

# ਸਰਕਾਰੀ ਪ੍ਰਾਇਮਰੀ ਸਕੂਲ ਚੱਕ ਕਲਾਲ ਦੀ ਇਮਾਰਤ ਦਾ ਹੋਇਆ ਨਵੀਨੀਕਰਣ

*** ਸ਼੍ਰੀ ਸੁਖਮਨੀ ਸਾਹਿਬ ਦੇ ਪਾਠ ਨਾਲ ਸ਼ੁਰੂ ਹੋਈਆਂ ਕਲਾਸਾਂ**

**ਫਗਵਾੜਾ/ਬੰਗਾ 4 ਅਕਤੂਬਰ ( ਚਰਨਜੀਤ ਸੱਲ੍ਹਾਂ)** ਸਰਕਾਰੀ ਪ੍ਰਾਇਮਰੀ ਸਕੂਲ ਚੱਕ ਕਲਾਲ ਦੀ ਇਮਾਰਤ ਦਾ ਨਵੀਨੀਕਰਣ ਕਰਕੇ ਖੂਬਸੂਰਤ ਰੂਪ ਦਿੱਤਾ ਗਿਆ ਹੈ। ਜਿਸ ਉਪਰੰਤ ਸ਼੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਨਾਲ ਮੁੜ ਤੋਂ ਕਲਾਸਾਂ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਆਯੋਜਿਤ ਸਮਾਗਮ ਨੂੰ ਸੰਬੋਧਨ ਕਰਦਿਆਂ ਅਰੁਣ ਕੁਮਾਰ ਘਈ ਐਨ.ਵਾਈ.ਏ., ਸੁਰਿੰਦਰ ਪਾਲ ਸਿੰਘ, ਹੰਸਰਾਜ ਨੰਬਰਦਾਰ, ਹਰਮੇਸ਼ ਸਿੰਘ ਨੇ ਸਮੂਹ ਸਕੂਲ ਸਟਾਫ ਅਤੇ ਵਿਦਿਆਰਥੀਆਂ ਨੂੰ ਸ਼ੁੱਭ ਇੱਛਾਵਾਂ ਦਿੰਦਿਆਂ ਕਿਹਾ ਕਿ ਸਰਕਾਰੀ ਸਕੂਲਾਂ 'ਚ ਪੜ੍ਹਦੇ ਵਿਦਿਆਰਥੀਆਂ ਨੂੰ ਵੀ ਪ੍ਰਾਈਵੇਟ ਸਕੂਲਾਂ ਦੀ ਤਰ੍ਹਾਂ ਖੂਬਸੂਰਤ ਵਾਤਾਵਰਣ, ਚੰਗਾ ਫਰਨੀਚਰ ਅਤੇ ਹੋਰ ਲੋੜੀਂਦੀਆਂ ਆਧੁਨਿਕ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ। ਇਸ ਲਿਹਾਜ ਦੇ ਨਾਲ ਦਾਨੀ ਸੱਜਣਾਂ ਵਲੋਂ ਇਹ ਬਹੁਤ ਵਧੀਆ ਉਪਰਾਲਾ ਕੀਤਾ ਗਿਆ ਹੈ। ਸਮਾਗਮ ਦੌਰਾਨ ਮਹਿਲਾਵਾਂ ਵਲੋਂ ਸਕੂਲ ਦੇ ਨਵੀਨੀਕਰਣ ਕਰਨ ਵਾਲੇ ਦਾਨੀ ਸੱਜਣਾਂ ਦੀਆਂ ਮਾਵਾਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ। ਜੋ ਕਿ ਆਪਣੇ ਆਪ ਵਿੱਚ ਇਕ ਵਿਲੱਖਣ ਤਸਵੀਰ ਸੀ। ਇਸ ਤੋਂ ਇਲਾਵਾ ਸਕੂਲ ਨੂੰ ਖੂਬਸੂਰਤ ਦਿੱਖ ਪ੍ਰਦਾਨ ਕਰਨ ਵਾਲੇ ਮਿਹਨਤੀ ਮਜਦੂਰਾਂ ਅਤੇ ਕਾਰੀਗਰ ਮਿਸਤਰੀਆਂ ਜਸਵਿੰਦਰ ਕੁਮਾਰ ਸ਼ਿੰਦਾ, ਕਸ਼ਮੀਰ ਸ਼ੀਰੋ, ਹਰਜਿੰਦਰ ਕੁਮਾਰ, ਧਰਮਜੀਤ, ਰਾਜਕੁਮਾਰ, ਸਤਨਾਮ ਸਿੰਘ, ਅਮਰਜੀਤ ਪੱਪੂ, ਚਰਨਾ ਤੇ ਕਸ਼ਮੀਰ ਲਾਲ ਨੂੰ ਵੀ ਸਨਮਾਨਤ ਕੀਤਾ ਗਿਆ। ਸਮਾਗਮ ਦੇ ਮੁੱਖ ਆਯੋਜਕ ਅਵਤਾਰ ਸਿੰਘ ਬਿੱਟੂ ਪੰਚ ਨੇ ਸਾਰੇ ਪ੍ਰੋਜੈਕਟ ਦੌਰਾਨ ਆਈਆਂ ਮੁਸ਼ਕਿਲਾਂ ਤੇ ਮਿਲੇ ਸਹਿਯੋਗ ਦਾ ਜਿਕਰ ਕੀਤਾ। ਸੁਰਿੰਦਰ ਪਾਲ ਸਿੰਘ ਨੇ ਸ਼੍ਰੀ ਗੁਰੂ ਹਰਗੋਬਿੰਦ ਸੇਵਾ ਸੁਸਾਇਟੀ ਬੰਗਾ ਦੁਆਰਾ ਪਿੰਡ ਤੇ ਇਲਾਕਾ ਨਿਵਾਸੀਆਂ ਲਈ ਕੀਤੀਆਂ ਆਰਥਕ ਸੇਵਾਵਾਂ ਦਾ ਜਿਕਰ ਕੀਤਾ। ਸਕੂਲ ਦੇ ਮੁੱਖ ਅਧਿਆਪਕ ਜਸਬੀਰ ਕੁਮਾਰ ਨੇ ਹਾਜਰੀਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਕੂਲ ਨੂੰ ਵਿੱਦਿਆ ਦਾ ਮੰਦਿਰ ਕਿਹਾ ਜਾਂਦਾ ਹੈ। ਜਿੱਥੇ ਵਿੱਦਿਆਰਥੀਆਂ ਦੇ ਰੂਪ ਵਿੱਚ ਸਮਾਜ ਦੇ ਚੰਗੇ ਨਾਗਰਿਕਾਂ ਵਜੋਂ ਇਨਸਾਨ ਦੇ ਚਰਿੱਤਰ ਨਿਰਮਾਣ ਦੀ ਸ਼ੁਰੂਆਤ ਹੁੰਦੀ ਹੈ। ਸਟੇਜ ਦੀ ਸੇਵਾ ਬਾਖੂਬੀ ਸੰਭਾਲਦਿਆਂ ਕਲਮਕਾਰ ਆਰ.ਐਸ. ਜੱਸੀ ਨੇ ਖੂਬਸੂਰਤ ਅੰਦਾਜ ਵਿੱਚ ਪਿੰਡ ਚੱਕ ਕਲਾਲ ਦੇ ਪਿਛੋਕੜ ਅਤੇ ਮਹਾਨਤਾ ਬਾਰੇ ਚਾਨਣਾ ਪਾਇਆ। ਉਹਨਾਂ ਨੇ ਪਿੰਡ ਦੀਆਂ ਉੱਘੀਆਂ ਸ਼ਖ਼ਸੀਅਤਾਂ ਦਾ ਜਿਕਰ ਕੀਤਾ ਅਤੇ ਸ਼ਾਇਰਾਨਾ ਅੰਦਾਜ 'ਚ ਸਮਾਗਮ ਦੀ ਤਾਜਗੀ ਨੂੰ ਕਾਇਮ ਰੱਖਿਆ। ਇਸ ਮੌਕੇ ਪਿੰਡ ਦੇ ਪਤਵੰਤੇ, ਪਰਸਨ, ਅਮਰਜੀਤ ਪੱਪੂ, ਰਮਨ ਕੁਮਾਰ ਕੌਂਸਲਰ ਬੰਗਾ, ਗੁਰਮੁੱਖ ਸਿੰਘ ਗ੍ਰੰਥੀ, ਜਰਨੈਲ ਸਿੰਘ, ਮਾਸਟਰ ਕੁਲਦੀਪ, ਸੁਮਨ ਪੰਚ ਤੋਂ ਇਲਾਵਾ ਸਕੂਲ ਸਟਾਫ ਆਸ਼ਾ ਰਾਣੀ ਸੀ.ਐਚ.ਟੀ, ਨਰਿੰਦਰ ਕੌਰ, ਆਸ਼ਾ ਰਾਣੀ ਚੱਕ ਕਲਾਲ ਸਮੇਤ ਹੋਰ ਪਤਵੰਤੇ ਅਤੇ ਵਿਦਿਆਰਥੀਆਂ ਦੇ ਮਾਪੇ ਵੱਡੀ ਗਿਣਤੀ 'ਚ ਹਾਜਰ ਸਨ।

**ਪਿੰਡ ਕਲਾਲ ਵਿਖੇ ਸਕੂਲ ਦੇ ਨਵੀਨੀਕਰਣ ਉਪਰੰਤ ਪੜ੍ਹਾਈ ਸ਼ੁਰੂ ਹੋਣ ਮੌਕੇ ਕਰਵਾਏ ਸਮਾਗਮ ਦੀਆਂ ਤਸਵੀਰਾਂ।**

ਸਮਾਜ ਵੀਕਲੀ ਨਿਊਜ

# 14ਵੇਂ ਨਾਟਿਅਮ ਨੈਸ਼ਨਲ ਥੀਏਟਰ ਫੈਸਟੀਵਲ ਦੇ ਅੱਠਵੇਂ ਦਿਨ ਨਾਟਕ 'ਪਾਰਕ' ਦੀ ਖ਼ੂਬਸੂਰਤ ਪੇਸ਼ਕਾਰੀ

## ਤਿੰਨ ਪਾਤਰਾਂ ਰਾਹੀਂ ਜ਼ਿੰਦਗੀ ਦੇ ਵੱਖ-ਵੱਖ ਪਹਿਲੂਆਂ ਨੂੰ ਛੂਹਿਆ

**ਬਠਿੰਡਾ (ਅਮਰਜੀਤ ਸਿੰਘ ਜੀਤ)** ਸੱਭਿਆਚਾਰਕ ਮੰਤਰਾਲਾ ਭਾਰਤ ਸਰਕਾਰ, ਜ਼ਿਲ੍ਹਾ ਪ੍ਰਸ਼ਾਸਨ ਬਠਿੰਡਾ ਅਤੇ ਮਿਊਂਸਪਲ ਕਾਰਪੋਰੇਸ਼ਨ ਬਠਿੰਡਾ ਦੇ ਸਹਿਯੋਗ ਨਾਲ ਚੱਲ ਰਹੇ 14ਵੇਂ ਨਾਟਿਅਮ ਨੈਸ਼ਨਲ ਥੀਏਟਰ ਫੈਸਟੀਵਲ ਦੇ ਅੱਠਵੇਂ ਦਿਨ ਨਾਟਕ 'ਪਾਰਕ' ਦੀ ਖ਼ੂਬਸੂਰਤ ਪੇਸ਼ਕਾਰੀ ਬਲਵੰਤ ਗਾਰਗੀ ਆਡੀਟੋਰੀਅਮ ਬਠਿੰਡਾ ਵਿਖੇ ਹੋਈ। ਮਾਨਵ ਕੌਲ ਵੱਲੋਂ ਲਿਖੇ ਇਸ ਨਾਟਕ ਨੂੰ ਨਿਊ ਉੱਥਾਨ ਥੀਏਟਰ ਗਰੁੱਪ, ਕੁਰੂਕਸ਼ੇਤਰ ਦੀ ਟੀਮ ਨੇ ਵਿਕਾਸ ਸ਼ਰਮਾ ਦੇ ਨਿਰਦੇਸ਼ਨ ਹੇਠ ਪੇਸ਼ ਕੀਤਾ। ਨਾਟਕ ਦੀ ਕਹਾਣੀ ਤਿੰਨ ਮੁੱਖ ਪਾਤਰਾਂ ਦੇ ਆਲ਼ੇ-ਦੁਆਲ਼ੇ ਘੁੰਮਦੀ ਹੈ ਜੋ ਦਰਸਾਉਂਦੇ ਹਨ ਕਿ ਹਰ ਇੱਕ ਇਨਸਾਨ ਦਾ ਜ਼ਿੰਦਗੀ ਨੂੰ ਵੇਖਣ ਦਾ ਨਜ਼ਰੀਆ ਅਲੱਗ-ਅਲੱਗ ਹੁੰਦਾ ਹੈ ਤੇ ਸਾਨੂੰ ਉਸਦੀ ਕਦਰ ਕਰਨੀ ਚਾਹੀਦੀ ਹੈ। ਸਾਨੂੰ ਆਪਣਾ ਨਜ਼ਰੀਆ ਦੂਸਰਿਆਂ 'ਤੇ ਥੋਪਣਾ ਨਹੀਂ ਚਾਹੀਦਾ। ਪਾਤਰਾਂ ਦੀ ਉੱਚ ਪੱਧਰ ਦੀ ਅਦਾਕਾਰੀ ਨੇ ਦਰਸ਼ਕਾਂ ਨੂੰ ਵਾਰ-ਵਾਰ ਤਾੜੀਆਂ ਮਾਰਨ ਲਈ ਮਜਬੂਰ ਕੀਤਾ।

14ਵੇਂ ਨਾਟਿਅਮ ਨੈਸ਼ਨਲ ਥੀਏਟਰ ਫੈਸਟੀਵਲ ਦੇ ਅੱਠਵੇਂ ਦਿਨ ਸ. ਹਰਦੀਪ ਸਿੰਘ ਡਿੰਪੀ ਢਿੱਲੋਂ ਵਿਧਾਇਕ ਗਿੱਦੜਬਾਹਾ, ਸ. ਨਿਰਮਲ ਸਿੰਘ ਜੌੜਾ ਡਾਇਰੈਕਟਰ ਯੁਵਕ ਭਲਾਈ ਵਿਭਾਗ ਪੀ.ਏ.ਯੂ. ਲੁਧਿਆਣਾ ਅਤੇ ਸਮਾਜਸੇਵੀ ਸ਼੍ਰੀ ਵਿਕਾਸ ਗਰੋਵਰ ਹੋਏ।

ਨਾਟਿਅਮ ਦੇ ਸਰਪ੍ਰਸਤ ਡਾ.ਕਸ਼ਿਸ਼ ਗੁਪਤਾ ,ਡਾ. ਪੂਜਾ ਗੁਪਤਾ ਅਤੇ ਡਾ. ਵਿਤੁਲ ਗੁਪਤਾ ਨੇ ਸਾਂਝੇ ਤੌਰ 'ਤੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤੀ ਅਤੇ ਉਨ੍ਹਾਂ ਨੂੰ ਸਨਮਾਨਿਤ ਕੀਤਾ । ਇਸ ਮੌਕੇ ਬੋਲਦਿਆਂ ਸ. ਡਿੰਪੀ ਢਿੱਲੋਂ ਨੇ ਪਿਛਲੇ ਨਾਟਿਅਮ ਦੇ ਇਸ ਉੱਦਮ ਦੀ ਸ਼ਲਾਘਾ ਕਰਦਿਆਂ ਮਾਣਯੋਗ ਮੁੱਖ ਮੰਤਰੀ ਪੰਜਾਬ ਨਾਲ ਰਾਬਤਾ ਕਰਕੇ ਨਾਟਿਅਮ ਪੰਜਾਬ ਸੰਸਥਾ ਨੂੰ ਹਰ ਸੰਭਵ ਮਦਦ ਦੇਣ ਦਾ ਭਰੋਸਾ ਦਿਵਾਇਆ। ਸ. ਨਿਰਮਲ ਜੌੜਾ ਨੇ ਦੱਸਿਆ ਕਿ ਉਹ ਪਿਛਲੇ ਚੌਦਾਂ ਸਾਲਾਂ ਤੋਂ ਨਾਟਿਅਮ ਪੰਜਾਬ ਨਾਲ ਜੁੜੇ ਹਨ ਅਤੇ ਹਰ ਸਾਲ ਇਸ ਨਾਟ-ਉਤਸਵ ਵਿੱਚ ਸ਼ਿਰਕਤ ਕਰਕੇ ਮਾਣ ਮਹਿਸੂਸ ਕਰਦੇ ਹਨ। ਜਿੱਥੇ ਉਨ੍ਹਾਂ ਨੇ ਨਾਟਿਅਮ ਡਾਇਰੈਕਟਰ ਕੀਰਤੀ ਕਿਰਪਾਲ ਅਤੇ ਡਾ. ਕਸ਼ਿਸ਼ ਗੁਪਤਾ ਸਮੇਤ ਪੂਰੀ ਟੀਮ ਦੀ ਅਣਥੱਕ ਮਿਹਨਤ ਨੂੰ ਸਲਾਮ ਕੀਤਾ ਉੱਥੇ ਹੀ ਉਨ੍ਹਾਂ ਨੇ ਗਾਰਗੀ ਦੇ ਨਾਟਕ ਨੂੰ ਮਾਲਵੇ ਦੇ ਟਿੱਬਿਆਂ 'ਚੋਂ ਸਾਰੀ ਦੁਨੀਆਂ ਤੱਕ ਪਹੁੰਚਾਉਣ ਲਈ ਵਧਾਈ ਵੀ ਦਿੱਤੀ। ਅੰਤ ਵਿੱਚ ਨਾਟਿਅਮ ਡਾਇਰੈਕਟਰ ਅਤੇ ਜ਼ਿਲ੍ਹਾ ਭਾਸ਼ਾ ਅਫ਼ਸਰ ਕੀਰਤੀ ਕਿਰਪਾਲ ਨੇ ਸਮੂਹ ਮਹਿਮਾਨਾਂ ਤੇ ਦਰਸ਼ਕਾਂ ਦਾ ਧੰਨਵਾਦ ਕੀਤਾ ਅਤੇ ਆਪਣੇ ਮੱਧ ਪੜਾਅ ਵਿੱਚ ਪਹੁੰਚ ਚੁੱਕੇ ਇਸ ਨਾਟ-ਉਤਸਵ ਵਿੱਚ ਸ਼ਹਿਰ ਵਾਸੀਆਂ ਨੂੰ ਵੱਧ ਤੋਂ ਵੱਧ ਸ਼ਮੂਲੀਅਤ ਲਈ ਅਪੀਲ ਕੀਤੀ ।ਉਨ੍ਹਾਂ ਦੱਸਿਆ ਨਾਟ-ਉਤਸਵ ਦੌਰਾਨ 7:00 ਤੋਂ 7:40 ਤੱਕ ਓਪਨ ਮਾਈਕ ਸੈਸ਼ਨ ਹੁੰਦਾ ਹੈ ਅਤੇ ਇਸ ਤੋਂ ਬਾਅਦ 7:40 'ਤੇ ਨਾਟਕ ਸ਼ੁਰੂ ਹੁੰਦਾ ਹੈ। ਇਸ ਥੀਏਟਰ ਫੈਸਟੀਵਲ ਵਿੱਚ ਭਾਰਤ ਦੇ ਵੱਖ-ਵੱਖ ਰਾਜਾਂ ਤੋਂ ਆਈਆਂ ਨਾਟ-ਮੰਡਲੀਆਂ 15 ਨਾਟਕ ਪੇਸ਼ ਕਰ ਰਹੀਆਂ ਨੇ ਅਤੇ ਹਰ ਨਾਟਕ ਦਾ ਰੰਗ ਵੇਖਣਯੋਗ ਹੈ ।ਮੰਚ ਸੰਚਾਲਕ ਦੀ ਭੂਮਿਕਾ ਡਾ. ਸੰਦੀਪ ਸਿੰਘ ਮੋਹਲਾਂ ਅਤੇ ਸ਼੍ਰੀ ਗੁਰਮੀਤ ਧੀਮਾਨ ਨੇ ਸਾਂਝੇ ਰੂਪ 'ਚ ਨਿਭਾਈ ਨੇ।ਇਸ ਦੌਰਾਨ ਸ. ਗੁਰਨਾਮ ਸਿੰਘ ਧਾਲੀਵਾਲ ਚੇਅਰਮੈਨ ਪ੍ਰੋਫੈਸਰ ਮੋਹਨ ਸਿੰਘ ਮੇਲਾ, ਮੈਡਮ ਮਮਤਾ ਖੁਰਾਣਾ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਬਠਿੰਡਾ, ਸ਼੍ਰੀ ਵਿਜੇ ਰਾਜ ਜਿੰਦਲ ਚਾਰਟਡ ਅਕਾਊਂਟੈਂਟ, ਡਾ. ਕੰਬੋਜ ਐਮ.ਡੀ. ਕੰਬੋਜ ਹਸਪਤਾਲ, ਫਤਿਹ ਗਰੁੱਪ ਤੋਂ ਸੁਖਮੰਦਰ ਸਿੰਘ ਚੱਠਾ, ਨਾਟਿਅਮ ਦੇ ਪ੍ਰਧਾਨ ਰਿੰਪੀ ਕਾਲੜਾ, ਈਵੈਂਟ ਕੋਆਰਡੀਨੇਟਰ ਗੁਰਨੂਰ ਸਿੰਘ,ਆਰ. ਪੀ. ਸੀ. ਕਾਲਜ ਬਠਿੰਡਾ ਦੇ ਪ੍ਰਿੰਸੀਪਲ ਜਸਵਿੰਦਰ ਸਿੰਘ, ਪ੍ਰਿੰਸੀਪਲ ਡਾ. ਜਸਪਾਲ ਰੋਮਾਣਾ,ਸਮੂਹ ਅਦਾਕਾਰ ਨਾਟਿਅਮ ਗਰੁੱਪ ਤੋਂ ਇਲਾਵਾ ਸ਼ਹਿਰ ਦੀਆਂ ਪ੍ਰਮੁੱਖ ਸਾਹਿਤਕ ਹਸਤੀਆਂ ਮੌਜੂਦ ਸਨ।

# ਵੈਦ ਦੀ ਕਲਮ ਤੋਂ/ਤੁਸੀਂ ਤੰਦਰੁਸਤ ਹੋ

ਪਰ ਉਦੋਂ ਤੱਕ, ਜਦ ਤੱਕ ਆਪਣੇ ਦਿਮਾਗ ਤੇ ਕਿਸੇ ਨੂੰ ਹਾਵੀ ਨਹੀਂ ਹੋਣ ਦਿੰਦੇ। ਅਸਲ ਵਿੱਚ ਤੁਹਾਡੇ ਦਿਮਾਗ ਨਾਲ ਖੇਲ੍ਹ ਕੇ ਤੁਹਾਨੂੰ ਬਿਮਾਰ ਕੀਤਾ ਜਾ ਰਿਹਾ ਹੈ। ਤਾਂ ਕਿ ਉਹਨਾਂ ਦਾ ਧੰਧਾ ਚਲਦਾ ਰਹੇ। ਮੈਨੂੰ ਵੀ ਪਤਾ ਹੈ ਕਿ ਮੇਰੀਆਂ ਇਹਨਾ ਗੱਲਾਂ ਦਾ ਅਸਰ ਬਹੁਤੇ ਲੋਕਾਂ ਤੇ ਓਨਾ ਚਿਰ ਹੀ ਹੈ, ਜਿੰਨਾ ਚਿਰ ਉਹ ਪੋਸਟ ਪੜਦੇ ਹੋਏ ਸਿਰ ਹਿਲਾਉਂਗੇ। ਪਰ ਮੈਂ ਫਿਰ ਵੀ ਖੁਸ਼ ਹਾਂ। ਕਿਉਂਕਿ ਮੇਰੇ ਕੋਲ ਇੱਕ ਲੰਬੀ ਲਿਸਟ ਉਹਨਾਂ ਲੋਕਾਂ ਦੀ ਵੀ ਹੈ ਜਿਹੜੇ ਮੇਰੇ ਅਨੁਸਾਰ ਚੱਲ ਕੇ ਅੱਜ ਤੰਦਰੁਸਤ ਜਿੰਦਗੀ ਜਿਉ ਰਹੇ।

ਕੁਛ ਬਿਮਾਰੀਆਂ ਦਰਅਸਲ ਬਿਮਾਰੀਆਂ ਹੀ ਨਹੀਂ ਹੁੰਦੀਆਂ। ਪਰ ਜਦ ਅਸੀਂ ਦੇਖਦੇ ਹੀ ਉਸ ਲਈ ਦਵਾਈ ਲੈਣ ਭੱਜਦੇ ਹਾਂ। ਤਾਂ ਸੱਚ ਮੰਨੋ, ਉਦੋਂ ਅਸੀਂ ਦਵਾਈ ਵੱਲ ਨਹੀਂ ਬਿਮਾਰੀ ਵੱਲ ਵਧ ਰਹੇ ਹੁੰਦੇ ਹਾਂ। ਉਦਾਹਰਨ ਦੇ ਤੌਰ ਤੇ ਦੇਖੋ ਤੁਹਾਨੂੰ ਕਦੇ ਸਾਲ ਛਿਮਾਹੀ ਵਿਚ ਟੱਟੀਆਂ ਲਗਦੀਆਂ ਤਾਂ ਉਹ ਕੁਦਰਤੀ ਪ੍ਰਕਿਰਿਆ ਹੈ। ਪੇਟ ਆਪਣੇ ਆਪ ਨੂੰ ਸਾਫ ਕਰ ਰਿਹਾ ਹੈ। ਤਕਰੀਬਨ ਦੋ ਦਿਨ ਦੇਖੋ, ਨਹੀਂ ਰੁਕ ਰਹੀਆਂ ਤਾਂ ਦਵਾਈ ਲਵੋ। ਪਰ ਲਗਦੇ ਹੀ ਭੱਜੋਗੇ ਤਾਂ ਬਿਮਾਰੀਆਂ ਖਰੀਦ ਰਹੇ ਹੋਵੋਗੇ।

ਜੁਕਾਮ, ਜਿਸ ਆਦਮੀ ਨੂੰ ਸਾਲ ਵਿਚ ਇੱਕ ਦੋ ਵਾਰ ਹੁੰਦਾ ਹੈ। ਦਵਾਈ ਨਹੀਂ ਲੈਣੀ ਚਾਹੀਦੀ। ਕਿਉਂਕਿ ਤੁਹਾਡੇ ਮਗਜ਼ ਨੇ ਵੀ ਆਪਣੇ ਆਪ ਨੂੰ ਸਾਫ ਕਰਨਾ ਹੈ। ਤੁਸੀਂ ਉਹਨੂੰ ਉੱਥੇ ਹੀ ਦੱਬ ਦਿਉਗੇ ਤਾਂ ਬਿਮਾਰੀ ਵੱਲ ਵਧੋਗੇ।

ਖਾਓ ਮਨ ਭਾਉਂਦਾ, ਪਹਿਨੋ ਜੱਗ ਭਾਉਂਦਾ। ਮਸ਼ਹੂਰੀਆਂ ਦੇਖ ਕੇ ਕਿਉਂ ਖਾਂਦੇ ਹੋ ? ਹਾਂ ਜਰੂਰ ਖਾਓ ਪਰ ਸਵਾਦ ਦੇ ਤੌਰ ਤੇ ਬਣੀ ਰੋਟੀ ਛੱਡ ਕੇ ਕੁਲਚੇ ਖਾਣਾ ਕੋਈ ਸਮਝਦਾਰੀ ਨਹੀਂ। ਇਹ ਔਖੇ ਸਮੇਂ ਲਈ ਬਣੇ ਨੇ। ਕਿ ਰੋਟੀ ਉਪਲਭਦ ਨਹੀਂ ਤਾਂ ਖ਼ਾ ਲਏ।

ਤੁਹਾਨੂੰ ਸਭ ਤੋਂ ਜਿਆਦਾ ਬਿਮਾਰ ਤੁਹਾਡੇ ਕਰਵਾਏ ਟੈਸਟ ਕਰਦੇ ਨੇ। ਮੈਂ ਅੱਜਕਲ ਦੇਖਿਆ, ਬੜੇ ਲੋਕ ਦੇਖ ਦੇਖੀ ਹੀ ਟੈਸਟ ਕਰਵਾ ਰਹੇ। ਤੁਸੀਂ ਹੈਰਾਨ ਹੋਵੋਗੇ ਮੈਂ ਅੱਜ ਤੱਕ ਕਦੇ ਅਪਣਾ ਭਫ,ਸ਼ੂਘਅ, ੁਿਛ ਅਛੀਧ, ਛੈੁਲਓਸ਼ਠ੍ਰੋਲ ਵਗੈਰਾ ਕਦੇ ਚੈੱਕ ਨਹੀਂ ਕਰਵਾਇਆ। ਕਿਉਂ ਕਰਵਾਵਾਂ ? ਜਦ ਕੋਈ ਬਿਮਾਰੀ ਹੀ ਨਹੀਂ। ਪਰ ਬੜੇ ਲੋਕ ਨੇ, ਜਿਹੜੇ ਫੁੱਲ ਭੌਧੈ ਛੁਓਛਘੂਫ ਦੇ ਨਾਮ ਤੇ ਫਾਈਲਾਂ ਲਈ ਬੈਠੇ ਨੇ। ਕਿਉਂ ਭਾਈ ? ਤੁਹਾਡੇ ਬਾਪ ਦਾਦੇ ਸਭ ਲੰਮੀਆਂ ਤੇ ਤੰਦਰੁਸਤ ਉਮਰਾਂ ਭੋਗ ਕੇ ਮਰੇ। ਉਹਨਾਂ ਨੂੰ ਕੋਈ ਬਿਮਾਰੀ ਕਿਉਂ ਨਹੀਂ ਸੀ ? ਕਿਉਂਕਿ ਉਦੋਂ ਮੈਡੀਕਲ ਮਾਫੀਆ ਦੀ ਹਰ ਬੰਦੇ ਤੱਕ ਪਹੁੰਚ ਨਹੀਂ ਸੀ।

ਪੋਸਟ ਲੰਬੀ ਹੋ ਜਾਵੇਗੀ, ਬਾਕੀ ਫਿਰ ਲਿਖਾਂਗਾ। ਜਿਸ ਆਦਮੀ ਨੇ ਮੈਨੂੰ ਬਾਰਾਂ ਤੇਰਾਂ ਸਾਲ ਪਹਿਲਾਂ ਕਿਹਾ ਸੀ ਕਿ ਆਹ ਹੈਡ ਫੋਨ ਨਾ ਲਗਾਇਆ ਕਰ ਤੇਰੇ ਕੰਨ ਖਰਾਬ ਹੋ ਜਾਣਗੇ। ਉਹ ਮੇਰੇ ਨਾਲ ਫੇਸਬੁੱਕ ਤੇ ਜੁੜਿਆ ਹੋਇਆ ਹੇ। ਉਹਨੂੰ ਮੈਂ ਦੋ ਮਹੀਨੇ ਪਹਿਲਾਂ ਹੀ ਕੰਨ ਦੀ ਦਵਾਈ ਦੇ ਕੇ ਆਇਆ ਹਾਂ। ਮੇਰੇ ਕੰਨ ਠੀਕ ਨੇ, ਉਸਦੇ ਖਰਾਬ ਹੋ ਗਏ। ਇੱਕ ਵੱਡਾ ਭਰਾ, ਜਿਹੜਾ ਮੈਨੂੰ ਸਾਰੀ ਉਮਰ ਦਾਰੂ ਦੇ ਨੁਕਸਾਨ ਦੱਸਦਾ ਰਿਹਾ। ਉਸਦਾ ਭੋਗ ਅਜੇ ਦਸ ਬਾਰਾਂ ਦਿਨ ਪਹਿਲਾਂ ਹੀ ਪਿਆ ਹੈ। ਆਸ ਕਰਦਾ ਹਾਂ ਗੱਲ ਤੇ ਜਰੂਰ ਧਿਆਨ ਦਿਉਗੇ। ਜੇਕਰ ਤੰਦਰੁਸਤ ਰਹਿਣਾ ਤਾਂ ਮਨ ਬਣਾ ਲਵੋ ਕਿ ਬਿਨਾ ਜਰੂਰਤ ਕੋਈ ਵੀ ਟੈਸਟ ਨਹੀਂ ਕਰਾਉਣਾ। ਭਾਵੇਂ ਉਹ ਮੁਫ਼ਤ ਲੱਗੇ ਕੈਂਪ ਵਿਚ ਹੋ ਰਿਹਾ ਹੋਵੇ। ਮੈਂ ਜਿਹੜੀ ਵੀ ਕੋਈ ਉਦਾਹਰਨ ਪੇਸ਼ ਕਰਦਾ ਹਾਂ, ਮੇਰੇ ਕੋਲ ਉਸਦਾ ਬਾਕਾਇਦਾ ਜਵਾਬ ਹੁੰਦਾ ਹੈ। ਕੋਈ ਮਰਜ਼ੀ ਜਦ ਚਾਹੇ ਪੜਤਾਲ ਕਰ ਸਕਦਾ ਹੈ।

ਵੈਦ ਬਲਵਿੰਦਰ ਸਿੰਘ ਢਿੱਲੋਂ
ਉਰਫ ਬਾਬਾ ਬਲੈਡਰ ਦਾਸ ਜੀ

ਵਿੰਨੀਪੈਗ ਕੈਨੇਡਾ
+14312932265

# ਕੌਫ਼ੀ ਵਿਦ ਪ੍ਰਿੰ ਤਰਸੇਮ ਨਰੂਲਾ

"ਬੀਬੀ ਤੂੰ ਦੂਜਾ ਵਿਆਹ ਕਿਉਂ ਨਹੀਂ ਕਰਵਾਇਆ? ਮੈਂ ਮੇਰੀ ਮਾਂ ਨੂੰ ਪੁੱਛਿਆ, ਜੋ ਤੇਈ ਸਾਲ ਦੀ ਉਮਰ ਵਿੱਚ ਹੀ ਵਿਧਵਾ ਹੋ ਗਈ ਸੀ। ਕਿਉਂਕਿ ਉਦੋਂ ਮੈਂ ਸਾਲ ਕੁ ਦਾ ਹੀ ਸੀ ਜਦੋਂ ਮੇਰੇ ਪਾਪਾ ਸ੍ਰੀ ਅਰਜਨ ਸਿੰਘ ਨਰੂਲਾ ਦੀ ਡੈਥ ਹੋ ਗਈ ਸੀ।" ਮੇਰੇ ਅੱਜ ਦੇ ਕੌਫ਼ੀ ਵਿਦ ਪ੍ਰੋਗਰਾਮ ਦੇ ਮਹਿਮਾਨ ਪ੍ਰਿੰਸੀਪਲ ਤਰਸੇਮ ਨਰੂਲਾ ਜੀ ਨੇ ਜਦੋਂ ਇਹ ਗੱਲ ਸੁਣਾਈ ਤਾਂ ਇੱਕ ਵਾਰੀ ਮੇਰਾ ਤਾਂ ਪੂਰਾ ਸਰੀਰ ਹੀ ਕੰਬ ਗਿਆ। ਵਾਕਿਆ ਹੀ ਇੱਕ ਛੋਟੇ ਜਿਹੇ ਬਾਲਕ ਵੱਲੋਂ ਆਪਣੀ ਮਾਂ ਨੂੰ ਪੁੱਛਿਆ ਇਹ ਸਵਾਲ ਹੈਰਾਨੀਜਨਕ ਸੀ। ਭਾਵੇਂ ਇਹ ਨਰੂਲਾ ਸਾਹਿਬ ਦਾ ਪਰਿਵਾਰ ਫਰੀਦਕੋਟ ਦੇ ਨੇੜਲੇ ਕਸਬੇ ਮੁਦਕੀ ਦਾ ਰਹਿਣ ਵਾਲਾ ਸੀ ਪਰ ਪਿਤਾ ਦੀ ਮੌਤ ਤੋਂ ਬਾਅਦ ਇਹ ਆਪਣੀ ਮਾਂ ਜਿਸ ਨੂੰ ਇਹ 'ਬੀਬੀ' ਆਖਦਾ ਸੀ ਨਾਲ ਆਪਣੇ ਨਾਨਕੇ ਪਿੰਡ ਮਹਿਮਾ ਸਰਕਾਰੀ ਆ ਗਿਆ ਸੀ। ਨਾਨਕਿਆਂ ਨੇ ਜਵਾਨ ਧੀ ਨੂੰ ਪਨਾਹ ਹੀ ਨਹੀਂ ਦਿੱਤੀ ਸਗੋਂ ਜਾਇਦ-ਾਦ ਚੋਂ ਹਿੱਸਾ ਦੇਣ ਦੀ ਪੇਸ਼ਕਸ਼ ਵੀ ਕੀਤੀ। ਪਰ ਉਸ ਦਲੇਰ ਔਰਤ ਨੇ ਪੇਕਿਆਂ ਦੀ ਜਾਇਦਾਦ ਲੈਣ ਤੋਂ ਸ਼ਾਫ ਇਨਕਾਰ ਕਰਦੇ ਹੋਏ ਆਪਣੀ ਮਿਹਨਤ ਮਜ਼ਦੂਰੀ ਨਾਲ ਆਪਣੇ ਬੇਟੇ ਦਾ ਪਾਲਣ ਪੋਸ਼ਣ ਕਰਨ ਨੂੰ ਪਹਿਲ ਦਿੱਤੀ। ਹੁਣ ਪੇਕੇ ਆਕੇ ਉਹ ਦਲੇਰ ਔਰਤ ਹਰਬੰਸ ਕੌਰ ਸਾਰੇ ਪਿੰਡ ਦੀ ਹੀ ਭੂਆ ਸੀ। ਜਿਸ ਨੂੰ ਸਾਰਾ ਪਿੰਡ ਪੂਜਦਾ ਸੀ ਅਤੇ ਮਾਣ ਸਨਮਾਨ ਦਿੰਦਾ ਸੀ । ਕੋਈ ਵੀ ਪਿੰਡ ਵਾਸੀ ਭੂਆ ਦਾ ਕਿਹਾ ਕੋਈਂ ਨਹੀਂ ਸੀ ਮੋੜਦਾ। ਭੂਆ ਨੇ ਕਤਲ ਵਰਗੇ ਕੇਸਾਂ ਦੇ ਫੈਸਲੇ ਕਰਵਾਕੇ ਕਈ ਘਰਾਂ ਨੂੰ ਉਜੜਨ ਤੋਂ ਬਚਾਇਆਂ। ਸਾਰੇ ਪਿੰਡ ਦੀ ਇਸ ਭੂਆ ਯ ਉਸਦੇ ਪਰਿਵਾਰ ਨੂੰ ਕਦੇ ਵੀ ਗਾਲ੍ਹ ਮੰਦਾ ਨਾ ਬੋਲਣ ਦਾ ਪਿੰਡ ਦੀ ਪੰਚਾਇਤ ਨੇ ਮਤਾ ਵੀ ਪਾਇਆ।

ਮੈਨੂੰ ਇੱਕ ਨਿੱਕੀ ਉਮਰ ਦੇ ਬਾਲ ਵੱਲੋਂ ਆਪਣੀ ਮਾਂ ਨੂੰ ਕੀਤੇ ਸਵਾਲ ਦਾ ਜਵਾਬ ਜਾਨਣ ਦੀ ਉਕਸੁਕਤਾ ਸੀ। "ਪੁੱਤ ਮੈਨੂੰ ਤੇਰੇ ਵਿਚੋਂ ਤੇਰੇ ਬਾਪ ਦੀ ਝਲਕ ਨਜ਼ਰ ਆਉਂਦੀ ਹੈ। ਮੈਂ ਤੈਨੂੰ ਵੇਖ ਵੇਖਕੇ ਜੀਅ ਲਵਾਂਗੀ। ਮੈਨੂੰ ਆਪਣਾ ਨਹੀਂ, ਤੇਰਾ ਭਵਿੱਖ ਬਨਾਉਣ ਦੀ ਚਿੰਤਾ ਹੈ।" ਮੇਰੀ ਮਾਂ ਨੇ ਜਦੋਂ ਇਹ ਕਿਹਾ ਤਾਂ ਮੈਨੂੰ ਮੇਰੀ ਮਾਂ ਸੱਚਮੁੱਚ ਦੇਵੀ ਲੱਗੀ। ਪ੍ਰਿੰਸੀਪਲ ਨਰੂਲਾ ਦਾ ਬਚਪਣ ਭਾਵੇਂ ਪਿਓ ਵਿਹੂਣੇ ਅਨਾਥ ਜਿਹੇ ਬਾਲ ਵਰਗਾ ਸੀ। ਪਰ ਮਾਂ ਦੀ ਹਿੰਮਤ ਤੇ ਨਾਨਕਿਆਂ ਦੇ ਸਾਥ ਨੇ ਉਸਨੂੰ ਕਿਸੇ ਗੱਲ ਦੀ ਕਮੀ ਨਾ ਆਉਣ ਦਿੱਤੀ।

20 ਸਤੰਬਰ 1942 ਨੂੰ ਜੰਮੇ ਸ੍ਰੀ ਨਰੂਲਾ ਜੀ ਨੇ ਬੜੇ ਮਾਣ ਨਾਲ ਦੱਸਿਆ ਕਿ ਉਹ ਛੋਟਾ ਹੁੰਦਾ ਆਪਣੀ ਮਾਂ ਨਾਲ ਹੱਥ ਚੱਕੀ ਚਲਾਉਂਦਾ ਤੇ ਪੰਜ ਸੱਤ ਸੇਰ ਆਟਾ ਪੀਂਹਦਾ। ਪਸ਼ੂਆਂ ਲਈ ਪੱਠੇ ਲਿਆਉਂਦਾ ਤੇ ਹੱਥ ਨਾਲ ਕੁਤਰਦਾ। ਇਹ ਮਾਂ ਦੀ ਹੀ ਸਿੱਖਿਆ ਸੀ ਕਿ ਕਿਸੇ ਨੂੰ ਮੈਲੀ ਅੱਖ ਨਾਲ ਨਹੀਂ ਦੇਖਣਾ। ਜਿਸ ਤੇ ਸ੍ਰੀ ਨਰੂਲਾ ਜੀ ਨੇ ਸਾਰੀ ਉਮਰ ਪਹਿਰਾ ਦਿੱਤਾ। ਪੜ੍ਹਾਈ ਪੂਰੀ ਕਰਨ ਅਤੇ ਜਿੰਦਗੀ ਵਿੱਚ ਸੈੱਟ ਹੋਣ ਉਪਰੰਤ ਸ੍ਰੀ ਤਰਸੇਮ ਨਰੂਲਾ ਨੇ

ਸਤਾਈ ਸਾਲ ਦੀ ਉਮਰ ਵਿੱਚ ਮੈਡਮ ਦਰਸ਼ਨਾਂ ਨੂੰ ਜੀਵਨ ਸੰਗਨੀ ਬਣਾਕੇ ਗ੍ਰਹਿਸਤ ਜੀਵਨ ਦੀ ਸ਼ੁਰੂਆਤ ਕੀਤੀ। ਮੈਡਮ ਦਰਸ਼ਨਾਂ ਨਰੂਲਾ ਵੀ ਪੇਸ਼ੇ ਵਜੋਂ ਅਧਿਆਪਕ ਸਨ। ਪਿੰਡ ਤੋਂ ਚਾਰ ਜਮਾਤਾਂ ਪੜ੍ਹਕੇ ਨੇੜਲੇ ਕਸਬੇ ਤੋਂ ਦਸਵੀਂ ਅਤੇ ਬਰਜਿੰਦਰਾ ਕਾਲਜ ਫਰੀਦਕੋਟ ਤੋਂ ਬੀਂ ਏ ਕੀਤੀ। ਇਹ ਬਚਪਣ ਤੋਂ ਹੀ ਮਿਲੇ ਸੰਸਕਾਰ ਸਨ ਯ ਨਾਨਕਿਆਂ ਦੀ ਪਰਵਰਿਸ਼ ਸੀ, ਸ੍ਰੀ ਨਰੂਲਾ ਜੀ ਨੇ ਅੰਗਰੇਜ਼ੀ, ਪੰਜਾਬੀ ਅਤੇ ਹਿਸਟਰੀ ਵਿੱਚ ਪੋਸਟ ਗਰੈਜੂਏਸ਼ਨ ਹੀ ਨਹੀਂ ਕੀਤੀ ਨਾਲ਼ ਐਮ ਐਡ ਵੀ ਕੀਤੀ।

ਅੰਗਰੇਜ਼ੀ ਦੇ ਲੈਕਚਰਾਰ ਵਜੋਂ ਪੜ੍ਹਾਇਆ ਅਤੇ ਫਿਰ ਸ੍ਰੀ ਹੰਸ ਰਾਜ ਵਿਦਿਅਕ ਸੰਸਥਾਵਾਂ ਅਤੇ ਭਾਈ ਭਗਤੂ ਜੀ ਗਰਲਜ਼ ਕਾਲਜ ਭਗਤੂਆਣਾ (ਜੈਤੋ) ਵਿਖੇ ਬਤੌਰ ਪ੍ਰਿੰਸੀਪਲ ਆਪਣੀਆਂ ਸੇਵਾਵਾਂ ਦਿੱਤੀਆਂ। ਸ੍ਰੀ ਨਰੂਲਾ ਜੀ ਦੀ ਸ਼ੁਰੂ ਤੋਂ ਹੀ ਸਾਹਿਤ ਵੱਲ ਰੁਚੀ ਸੀ। ਨੌਵੀਂ ਜਮਾਤ ਤੋਂ ਹੀ ਇਹਨਾਂ ਨੇ ਕਲਮ ਝਰੀਟਣੀ ਸ਼ੁਰੂ ਕਰ ਦਿੱਤੀ ਸੀ। ਕਵਿਤਾ ਗ਼ਜ਼ਲ ਵਗੈਰਾ ਤੋਂ ਹੁੰਦੇ ਹੋਏ ਇਹ ਵਾਰਤਕ ਵੱਲ ਨੂੰ ਚੱਲ ਪਏ। ਇਹ ਅੱਜ ਤੱਕ ਕੁੱਲ ਚੌਦਾਂ ਕਿਤਾਬਾਂ ਪਾਠਕਾਂ ਦੀ ਝੋਲੀ ਪਾ ਚੁੱਕੇ ਹਨ। ਅੰਗਰੇਜ਼ੀ ਦੇ ਵਿਦ-ਵਾਨ ਹੋਣ ਦੇ ਬਾਵਜੂਦ ਵੀ ਇਹ ਪੰਜਾਬੀ ਮਾਂ ਬੋਲੀ ਦੀ ਸੇਵਾ ਕਰ ਰਹੇ ਹਨ। ਇਸ ਤੋਂ ਇਲਾਵਾ ਚਾਰ ਪੰਜ ਕਿਤਾਬਾਂ ਦੇ ਖਰੜੇ ਪ੍ਰੈਸ ਵਿੱਚ ਜਾਣ ਲਈ ਤਿਆਰ ਹਨ। ਕੇਂਦਰੀ ਸਾਹਿਤ ਸਭਾ, ਲੁਧਿਆਣਾ ਸਾਹਿਤ ਸਭਾ ਦੀਪਕ ਜੈਤੋਈ ਮੰਚ ਤੋਂ ਇਲਾਵਾ ਇਹ ਕੋਈਂ ਦਰਜਨ ਤੋਂ ਵੱਧ ਸੰਸਥਾਵਾਂ ਦੇ ਅਹੁਦੇਦਾਰ ਯ ਕਾਰਜਕਾਰੀ ਦੇ ਮੈਂਬਰ ਹਨ। ਸ੍ਰੀ ਨਰੂਲਾ ਜੀ ਲੋਕ ਅਦਾਲਤ, ਪੁਲਸ ਅਡਵਾਈਜ਼ਰੀ ਫੋਰਮ ਵਰਗੀਆਂ ਕਈ ਸਰਕਾਰੀ ਸੰਸਥਾਵਾਂ ਨਾਲ ਵੀ ਜੁੜੇ ਹੋਏ ਹਨ। ਸਮਾਜ ਸੇਵੀ ਸੰਸਥਾਵਾਂ ਦੇ ਸਰਪ੍ਰਸਤ, ਸਲਾਹਕਾਰ ਹੋਣ ਕਰਕੇ ਸਰਕਾਰੇ ਦਰਬਾਰੇ ਵੀ ਮਾਣ ਬਖਸ਼ਿਆ ਜਾਂਦਾ ਹੈ। ਹਜ਼ਾਰਾਂ ਬੂਟੇ ਤੇ ਦਰਖਤ ਇਹਨਾਂ ਦੀ ਰਹਿਨੁਮਾਈ ਹੇਠ ਲਾਏ ਗਏ ਹਨ। ਜਿਸ ਦੀ ਬਦੌਲਤ ਇਹਨਾਂ ਨੂੰ ਧਰਤੀ ਰਖਸ਼ਕ ਵੀ ਕਿਹਾ ਜਾ ਸਕਦਾ ਹੈ। ਟੀਚਰਜ਼ ਹੋਮ ਬਠਿੰਡਾ ਵਿਖੇ ਹੁੰਦੇ ਹਰ ਸਮਾਗਮ ਵਿੱਚ ਨਰੂਲਾ ਜੀ ਦੀ ਹਾਜ਼ਰੀ ਲਗਭਗ ਹੁੰਦੀ ਹੀ ਹੈ। 82 ਸਾਲਾ ਦੇ ਇਸ ਸਾਹਿਤਕਾਰ ਦੇ ਵਿਚਾਰ ਸੁਣਨ ਲਈ ਸਰੋਤੇ ਉਕਸੁਕ ਰਹਿੰਦੇ ਹਨ।

ਕਿਸੇ ਇਨਸਾਨ ਦੀ ਕਾਮਜਾਬੀ ਦਾ ਅਨੁਮਾਨ ਉਸ ਵੱਲੋਂ ਪ੍ਰਾਪਤ ਅਹੁਦੇ ਅਤੇ ਰੁਤਬਿਆਂ ਤੋਂ ਇਲਾਵਾ ਉਸ ਦੀ ਆਪਣੀ ਔਲਾਦ ਨੂੰ ਵੇਖਕੇ ਲਾਇਆ ਜਾਂਦਾ ਹੈ। ਜਿੱਥੇ ਸ੍ਰੀ ਨਰੂਲਾ ਜੀ ਨੇ ਆਪਣੀ ਜਿੰਦਗ਼ੀ ਜ਼ੀਰੋ ਤੋਂ ਸ਼ੁਰੂ ਕਰਕੇ ਇੱਕ ਸਿੱਖਿਆ ਸ਼ਾਸਤਰੀ, ਵਿਦਵਾਨ, ਸਮਾਜਸੇਵੀ ਅਤੇ ਸਾਹਿਤਕਾਰ ਵੱਜੋਂ ਆਪਣੀ ਪਹਿਚਾਣ ਬਣਾਈ ਉਥੇ ਇਹਨਾਂ ਦੀਆਂ ਤਿੰਨੇਂ ਬੇਟੀਆਂ ਡਾਕਟਰ ਹਨ ਅਤੇ ਬੇਟਾ ਵੀ ਲੋਕਲ ਮੈਕਸ ਹਸਪਤਾਲ ਵਿੱਚ ਸੀਨੀਅਰ ਡਾਕਟਰ ਹੈ ਤੇ ਉਸਦੀ ਪਤਨੀ ਵੀ ਸਰਕਾਰੀ ਡਾਕਟਰ ਹੈ।

ਪਿੰਡ ਦੀ ਮਿੱਟੀ ਨਾਲ ਜੁੜਿਆ ਇਹ ਇਨਸਾਨ ਆਪਣੀਆਂ ਸਾਰੀਆਂ ਪ੍ਰਾਪਤੀਆਂ ਦਾ ਸਿਹਰਾ ਆਪਣੀ ਮਾਂ ਨੂੰ ਦਿੰਦਾ ਹੈ। ਉਸ ਨੂੰ ਇਸ ਗੱਲ ਤੇ ਮਾਣ ਹੈ ਕਿ ਉਸਨੇ ਬਿਮਾਰੀ ਦੀ ਹਾਲਤ ਵਿੱਚ ਉਸਦੀ ਸੇਵਾ ਕਰਕੇ ਮਾਂ ਦਾ ਕੁਝ ਨਾ ਕੁਝ ਕਰਜ਼ ਉਤਾਰਨ ਦੀ ਕੋਸ਼ਿਸ਼ ਕੀਤੀ। ਇੱਕ ਪੁੱਤ ਹੋਣ ਕਰਕੇ ਆਪਣੀ ਮਾਂ ਦੀ ਸੇਵਾ ਕਰਕੇ ਉਸਨੂੰ ਜੋ ਖੁਸ਼ੀ ਮਿਲੀ ਉਸਨੂੰ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ। ਕਈ ਸਾਲ ਗੁਜਰਨ ਦੇ ਬਾਵਜੂਦ ਵੀ ਇਹਨਾਂ ਨੇ ਆਪਣਾ ਪਿੰਡ ਵਾਲਾ ਮਕਾਨ ਨਹੀਂ ਵੇਚਿਆ। ਕਿਉਕਿ ਉਥੇ ਮਾਂ ਦੀ ਰੂਹ ਵੱਸਦੀ ਹੈ। ਮਾਂ ਦਾ ਲਾਇਆ ਸਾਂਝਾ ਤੰਦੂਰ ਸੀ ਜਿੱਥੇ ਸਾਰਾ ਸਰੀਕਾ ਰੋਟੀਆਂ ਲਾਉਣ ਆਉਂਦਾ ਸੀ। ਉਸ ਘਰ ਨੂੰ ਇੱਕ ਲਾਇਬਰੇਰੀ ਵੱਜੋਂ ਸਥਾਪਿਤ ਕਰਨਾ ਸ੍ਰੀ ਤਰਸੇਮ ਜੀ ਦਾ ਸੁਫਨਾ ਹੈ।

ਸ੍ਰੀ ਨਰੂਲਾ ਜੀ ਨੇ ਮੈਨੂੰ ਆਪਣੀ ਨਵੀਨਤਮ ਕਿਤਾਬ #ਚੱਜ_ਜਿਆਉਣ_ਦਾ ਅਧਿਐਨ ਕਰਨ ਲਈ ਦਿੱਤੀ ਅਤੇ ਮੈਂ ਉਹਨਾਂ ਨੂੰ ਆਪਣਾ #ਇੱਕ_ਸੋ_ਉਂਨੰਜਾ_ਮਾਡਲ_ਟਾਊਨ ਨਾਮਕ ਕਹਾਣੀ ਸੰਗ੍ਰਹਿ ਭੇਟ ਕੀਤਾ।

ਸਮੇਂ ਦੀ ਘਾਟ ਕਾਰਨ ਇਹ ਮਿਲਣੀ ਥੋੜ੍ਹੀ ਜਿਹੀ ਅਧੂਰੀ ਰਹਿ ਗਈ ਪਰ ਮੇਰੀ ਹਮਸਫਰ ਨੂੰ ਆਪਣੇ ਪੇਕਿਆਂ ਦੇ ਪਿੰਡੋਂ ਆਏ ਸ੍ਰੀ ਨਰੂਲਾ ਸਾਹਿਬ ਨੂੰ ਕੌਫ਼ੀ ਨਾਲ ਪਕੌੜੇ ਖਵਾਕੇ ਜੋ ਖੁਸ਼ੀ ਮਿਲੀ ਉਸਨੂੰ ਸ਼ਬਦਾਂ ਵਿੱਚ ਬਿਆਨ ਕਰਨਾ ਔਖਾ ਹੈ।

**ਰਮੇਸ਼ ਸੇਠੀ ਬਾਦਲ**
**114 ਸ਼ੀਸ਼ਮਹਿਲ**
**9876627233**

## ਕਾਵਿ-ਗਾਥਾ

ਮਿਰਜ਼ੇ ਤਾਈਂ ਬੜਾ ਵਰਜਿਆ ਉਸਦੀ ਮਾਂ ਨੇ,
ਸਾਹਿਬਾਂ ਨੂੰ ਬਹੁਤ ਸਮਝਾਇਆ ਖੀਵੇ ਖਾਂ ਨੇ।
ਭਰਾਵਾਂ ਦੇ ਵੱਲੋਂ ਰੋਕਿਆ ਰਾਂਝਾ ਨਾ ਰੁਕਿਆ,
ਹੀਰ ਸਲੇਟੀ ਨੂੰ ਬੜਾ ਰੋਕਿਆ ਉਸਦੀ ਮਾਂ ਨੇ।
ਹੁਸਨ ਨਾ ਗੁੱਝਾ ਰਹੇ ਪਾਈਏ ਭਾਵੇਂ ਵਿੱਚ ਕੁੱਜੇ,
ਹਰ ਪਾਸੇ ਹੀ ਧੂਮ ਮਚਾਈ ਸੀ ਹੀਰ ਦੇ ਨਾਂ ਨੇ।
ਹੋਣੀ ਆਸ਼ਕਾਂ ਦੇ ਸਿਰ ਉੱਤੇ ਚੜ੍ਹ ਕੇ ਬੋਲਦੀ ਸੀ,
ਆਸ਼ਕਾਂ ਉੱਤੇ ਇਸ਼ਕ ਦੇ ਭਾਣੇ ਵਰਤੇ ਹੀ ਤਾਂ ਨੇ।
ਗੂੜ੍ਹੀ ਨੀਂਦ ਨੇ ਆ ਘੇਰਾ ਪਾ ਲਿਆ ਮਿਰਜ਼ੇ ਨੂੰ,
ਕਹਿਰ ਵਰਤਾ ਦਿੱਤਾ ਸੀ ਜੰਡ ਜੰਡੋਰੇ ਦੀ ਛਾਂ ਨੇ।
ਕਿੱਸਾਕਾਰਾਂ ਨੇ ਜਿੱਥੇ-ਜਿੱਥੇ ਬਹਿ ਕੇ ਲਿਖੇ ਕਿੱਸੇ,
ਦੇਵ' ਹੱਸਦੇ ਵੱਸਦੇ ਤਰੱਕੀ ਕਰ ਰਹੇ ਉਹ ਥਾਂ ਨੇ।

**ਲੈਕਚਰਾਰ ਦਵਿੰਦਰ ਪਾਲ ਬਾਤਿਸ਼**

## ਅੰਦਰਲਾ ਰਾਵਣ

ਨੇਕੀ ਦੀ ਬਦੀ ਤੇ ਜਿੱਤ ਦਾ ਜਸ਼ਨ, ਜਦੋਂ ਵੀ ਮਿਲਕੇ ਮਨਾਉਣਗੇ ਲੋਕ
ਦੇਖਦੇ ਹਾਂ ਆਪਣੇ ਅੰਦਰਲੇ ਰਾਵਣ ਨੂੰ, ਲਾਂਬੂ ਕਦੋਂ ਲਗਾਉਣਗੇ ਲੋਕ

ਦੁਨੀਆਂ ਦੀ ਇਹ ਦੋਧਾਰੀ ਤਲਵਾਰ, ਜਦ ਵੀ ਚੱਲਦੀ ਏ
ਸਮਝ ਨਾ ਆਵੇ ਕਿ ਇਹ ਹਵਾ, ਫਿਰ ਕਿਸ ਦੇ ਵੱਲ ਦੀ ਏ
ਸੱਚ ਤੋਂ ਮੁੱਖ ਮੋੜ ਕੇ ਹੁਣ, ਕਦ ਤੱਕ ਸੂਰਜ ਨੂੰ ਪਾਣੀ ਚੜ੍ਹਾਉਣਗੇ ਲੋਕ
ਦੇਖਦੇ ਹਾਂ ਆਪਣੇ ਅੰਦਰਲੇ ਰਾਵਣ ਨੂੰ, ਲਾਂਬੂ ਕਦੋਂ ਲਗਾਉਣਗੇ ਲੋਕ

ਅੱਖੋਂ ਸੁਜਾਖੇ, ਅਕਲੋਂ ਅੰਨੇ, ਕੰਨੋਂ ਬਹਿਰੇ, ਹੁਣ ਹੋ ਗਈ ਖ਼ਲਕਤ ਸਾਰੀ
ਸਮਝਣ ਨਾਲੋਂ ਪੂਜਣ ਦੀ ਆਸਥਾ, ਅਕਲ ਤੇ ਸਦਾ ਹੀ ਪੈਂਦੀ ਭਾਰੀ
ਤਨ ਦੀ ਮੈਲ਼ ਦੇ ਨਾਲ਼, ਮਨ ਦੀ ਲਾਹੁਣ ਦੀ ਕੀ ਪਿਰਤ ਪਾਉਣਗੇ ਲੋਕ
ਦੇਖਦੇ ਹਾਂ ਆਪਣੇ ਅੰਦਰਲੇ ਰਾਵਣ ਨੂੰ, ਲਾਂਬੂ ਕਦੋਂ ਲਗਾਉਣਗੇ ਲੋਕ

ਨਹੀਂ ਮਾਰਨਗੇ ਹੱਕ ਕਿਸੇ ਦਾ, ਛੱਡ ਦੇਣਗੇ ਕਰਨੇ ਸਭ ਗੋਰਖ਼ ਧੰਦੇ
ਬੇਈਮਾਨੀ, ਹੇਰਾਫੇਰੀ, ਝੂਠ, ਧੋਖਾ, ਬੁਰਾਈ ਤੋਂ ਦੂਰ ਹੋ ਜਾਣਗੇ ਬੰਦੇ
ਹਨੂੰਮਾਨ ਵਾਂਗ ਕਿਸੇ ਦੀ ਰੱਖਿਆ ਲਈ, ਖ਼ੁਦ ਨੂੰ ਅਜਮਾਉਣਗੇ ਲੋਕ
ਦੇਖਦੇ ਹਾਂ ਆਪਣੇ ਅੰਦਰਲੇ ਰਾਵਣ ਨੂੰ, ਲਾਂਬੂ ਕਦੋਂ ਲਗਾਉਣਗੇ ਲੋਕ

ਹੈ ਖ਼ਾਬ ਸਭ ਦਾ ਇੱਕੋ, ਕਿ ਉਹ ਰਾਮਰਾਜ ਕਦੇ ਮੁੜ ਆ ਜਾਵੇ ਦੁਬਾਰਾ
ਕਿਸੇ ਦੇ ਵਚਨਾਂ ਨੂੰ ਪੂਰਾ ਕਰਨ ਖਾਤਿਰ, ਕੋਈ ਰਾਜ ਤਿਆਗੇ ਸਾਰਾ
ਵਣਵਾਸ ਵਿੱਚ ਸਾਥ ਨਿਭਾਵੇ ਭਰਾ, ਕੀ ਇਹ ਆਪਣਾਉਣਗੇ ਲੋਕ
ਦੇਖਦੇ ਹਾਂ ਆਪਣੇ ਅੰਦਰਲੇ ਰਾਵਣ ਨੂੰ, ਲਾਂਬੂ ਕਦੋਂ ਲਗਾਉਣਗੇ ਲੋਕ।

**ਪਰਸ਼ੋਤਮ ਸਿੰਘ**
**ਪਿੰਡ ਬਖੋਰਾ ਕਲਾਂ (ਸੰਗਰੂਰ)**
**ਮੋਬਾ: 9417504964**

# ਹੜ੍ਹਾਂ ਦੀ ਤਬਾਹੀ ਪਹਿਲਾਂ ਤੇ ਹੁਣ

ਤਿੰਨ ਦਹਾਕੇ ਪਹਿਲਾਂ, ਇਸ ਤਰ੍ਹਾਂ ਦੀਆਂ ਬਰਸਾਤਾਂ ਨਹੀਂ ਹੁੰਦੀਆਂ ਸਨ। ਇਸ ਵਾਰ ਤਾਂ ਪਿਛਲੇ ਚਾਰ ਦਹਾਕਿਆਂ ਦੇ ਰਿਕਾਰਡ ਤੋੜ ਦਿੱਤੇ ਹਨ। ਹੁਣ ਤਾਂ ਦੋ ਦਿਨ ਨਹੀਂ ਟੱਪਦੇ, ਮੀਂਹ ਦੀ ਕਿਣ ਮਿਣ ਸ਼ੁਰੂ ਹੋ ਜਾਂਦੀ ਹੈ, ਕਦੇ ਘੰਟਾ ਕਦੇ ਦੋ ਘੰਟੇ। ਕਿਸਾਨ ਨੂੰ ਅੰਨਦਾਤਾ ਤੋਂ ਕੱਖਦਾਤਾ ਬਣਾ ਦਿੱਤਾ ਹੈ। ਸ਼ਹਿਰਾਂ ਚ ਭਾਵੇਂ ਏਸੀ ਲਾਉਣ ਦੀ ਲੋੜ ਨਹੀਂ ਪਈ, ਪਰ ਜਦੋਂ ਕਿਸਾਨਾਂ ਦਾ ਨੁਕਸਾਨ ਹੁੰਦਾ ਹੈ ਤਾਂ ਉਨ੍ਹਾਂ ਨੂੰ ਵੀ ਸੱਟ ਵੱਜਦੀ ਹੈ, ਕਿਉਂਕਿ ਜੇ ਅੰਨ ਹੀ ਨਹੀਂ ਹੋਵੇਗਾ ਤਾਂ ਅੰਨ ਵਾਲੀਆਂ ਚੀਜ਼ਾਂ ਦੇ ਭਾਅ ਅਸਮਾਨ ਨੂੰ ਛੂਹ ਜਾਣਗੇ। ਅਜਿਹੇ ਮੌਕਿਆਂ ਤੇ ਰਾਜਸੀ ਧਿਰਾਂ ਨੂੰ ਇਕੱਠੇ ਹੋ ਕੇ ਚੱਲਣਾ ਚਾਹੀਦਾ ਹੈ। ਰਾਜਸੀ ਦਖ਼ਲਅੰਦਾਜ਼ੀ ਫਾਇਦੇ ਦੀ ਥਾਂ ਨੁਕਸਾਨ ਵਧੇਰੇ ਕਰਦੀ ਹੈ। ਹਰ ਇੱਕ ਆਪਣੀ ਚੌਧਰ ਦਿਖਾਉਣ ਵਿੱਚ ਲੱਗਿਆ ਹੋਇਆ ਹੈ।

ਮਾਰਚ ਅਪ੍ਰੈਲ ਵਿੱਚ ਹੰਗਾਮੀ ਮੀਟਿੰਗ ਤੋਂ ਪਹਿਲਾਂ ਹੀ ਆਮ ਆਦਮੀ ਪਾਰਟੀ ਦੀਆਂ, ਦਿੱਲੀ ਵਾਲੀਆਂ ਕਾਲੀਆਂ ਭੇਡਾਂ ਵਾਸਤੇ, ਭਗਵੰਤ ਮਾਨ ਸਮੇਤ ਆਮ ਆਦਮੀ ਪਾਰਟੀ ਦੇ ਮੁੱਖ ਆਗੂ, ਦਿੱਲੀ ਚੋਣ ਪ੍ਰਚਾਰ ਵਿੱਚ ਰੁਝ ਗਏ। ਪੰਜਾਬ ਨੂੰ ਅੱਖੋਂ ਪਰੋਖੇ ਕਰਕੇ ਕੇਂਦਰੀ ਗ੍ਰਾਂਟ ਦੀ ਦੁਰਵਰਤੋਂ ਕੀਤੀ ਗਈ। ਨਦੀਆਂ ਨਾਲਿਆਂ ਦੀ ਸਾਫ ਸਫਾਈ ਵੱਲ ਧਿਆਨ ਨ੍ਹੀਂ ਦਿੱਤਾ। ਪ੍ਰਧਾਨ ਮੰਤਰੀ ਮੋਦੀ ਅਤੇ ਅਮਿਤ ਸ਼ਾਹ ਨਾਲ ਮੁਲਾਕਾਤ ਦੌਰਾਨ, ਉਨ੍ਹਾਂ ਭਰੋਸਾ ਦਿੱਤਾ ਕਿ ਪੰਜਾਬ ਨੂੰ ਗ੍ਰਾਂਟ ਮਿਲ ਜਾਵੇਗੀ। ਪਿਛਲੀ ਗ੍ਰਾਂਟ ਦੀ ਸਹੀ ਵਰਤੋਂ ਹੋਣ ਤੇ ਹੀ ਅਗਲੀ ਗਰਾਂਟ ਮਿਲਣੀ ਹੁੰਦੀ ਹੈ, ਸੋ ਮਿਲ ਨਾ ਸਕੀ। ਦਿੱਲੀ ਵਾਲਾ ਆਕਾ, ਸਾਰੇ ਪੈਸੇ ਡਕਾਰ ਕੇ ਮੌਜਾਂ ਵਿੱਚ ਬੈਠਾ ਹੈ। "ਰੋਮ ਜਲ ਰਿਹਾ ਹੈ ਨੀਰੋ ਬੰਸਰੀ ਵਜਾ ਰਿਹਾ ਹੈ"। ਭਗਵੰਤ ਮਾਨ ਕਿਸੇ ਪਾਸੇ ਦਾ ਨ੍ਹੀਂ ਰਿਹਾ। ਵੱਡੇ ਪੱਧਰ ਦੀ ਕੁਰੱਪਸ਼ਨ ਕਰਨ ਵਾਲਿਆਂ ਤੇ ਕਾਰਵਾਈ ਹੋਣੀ ਚਾਹੀਦੀ ਹੈ।

ਨਹਿਰਾਂ ਤੇ ਡੈਮਾਂ ਵਿੱਚ ਇੰਨਾ ਪਾਣੀ ਭਰ ਗਿਆ ਕਿ ਉਹ ਟੁੱਟਣ ਕਿਨਾਰੇ ਹੋ ਗਏ ਹਨ। ਉੱਪਰਲੇ ਪਹਾੜੀ ਖੇਤਰਾਂ ਚ ਵੀ ਬਹੁਤ ਤਬਾਹੀ ਹੋਈ ਹੈ। ਅਸੀਂ ਕੁਦਰਤ ਨਾਲ ਛੇੜਛਾੜ ਕਰਦੇ ਹਾਂ, ਉਸ ਦੇ ਨਤੀਜੇ ਵੀ ਭੁਗਤਣੇ ਪੈਂਦੇ ਹਨ। ਪੰਜਾਬ ਦੇ ਗੁਰਦਾਸਪੁਰ, ਅੰਮ੍ਰਿਤਸਰ, ਤਰਨ ਤਾਰਨ, ਹੁਸ਼ਿਆਰਪੁਰ ਅਤੇ ਫਿਰੋਜ਼ਪੁਰ ਜਿਲ੍ਹਿਆਂ ਵਿੱਚ ਰਾਵੀ, ਬਿਆਸ ਅਤੇ ਸਤਲੁਜ ਦਰਿਆਵਾਂ ਨੇ ਹੜ੍ਹਾਂ ਨਾਲ ਭਾਰੀ ਤਬਾਹੀ ਕੀਤੀ ਹੈ। ਜਗ੍ਹਾ ਜਗ੍ਹਾ ਦਰਿਆਵਾਂ ਤੇ ਬੰਨ੍ਹ ਲਾ ਕੇ, ਫਿਰ ਡੈਮ ਬਣਾਕੇ ਨੀਵੇਂ ਖੇਤਰਾਂ ਚ ਵੀ ਵੱਸੋਂ ਕਰ ਲਈ ਗਈ। ਵਧਦੀ ਆਬਾਦੀ ਅਤੇ ਹੋਰ ਹੋਰ ਕਮਾਉਣ ਦੀ ਲਾਲਸਾ ਨੇ ਲਾਲਚ ਇੰਨਾ ਵਧਾ ਦਿੱਤਾ ਕਿ ਜ਼ਿਮੀਂਦਾਰਾਂ ਨੇ ਕੋਈ ਖੇਤਰ ਇਹੋ ਜਿਹਾ ਨਹੀਂ ਛੱਡਿਆ, ਜਿੱਥੇ ਦਰਖਤ ਕੱਟੇ , ਤੇ ਫਸਲਾਂ ਬੀਜਣੀਆਂ ਸ਼ੁਰੂ ਕਰ ਦਿੱਤੀਆਂ। ਬਰਸਾਤਾਂ ਦੇ ਪਾਣੀ ਨੇ ਆਪਣੇ ਲੰਘਣ ਵਾਸਤੇ ਜਗ੍ਹਾ ਬਣਾਉਣੀ ਸੀ, ਦਰੱਖਤ ਜੜੋਂ ਉਖਾੜ ਕੇ,ਬੰਨ੍ਹ ਤੋੜ ਕੇ, ਫਸਲਾਂ ਦੇ ਉੱਪਰ ਦੀ ਚੱਲਣ ਲੱਗਿਆ, ਫਸਲਾਂ ਵੀ ਤਬਾਹ ਹੋ ਗਈਆਂ। ਪੰਜ ਲੱਖ ਏਕੜ ਫਸਲ ਪਹਿਲਾਂ ਹੀ ਪ੍ਰਭਾਵਿਤ ਹੋ ਚੁੱਕੀ ਹੈ। ਖੇਤਾਂ ਵਿੱਚੋਂ ਰੇਤਾ ਹਟਾਉਣ ਦਾ ਕੰਮ ਜੰਗੀ ਪੱਧਰ ਤੇ ਚੱਲ ਰਿਹਾ ਹੈ ਤਾਂ ਜੋ ਖੇਤਾਂ ਨੂੰ ਹਾੜੀ ਦੀ ਫਸਲ ਲਈ ਤਿਆਰ ਕੀਤਾ ਜਾ ਸਕੇ।

ਪੰਜਾਬ ਸਰਕਾਰ ਦਿਵਾਲੀ ਤੋਂ ਪਹਿਲਾਂ ਮੁਆਵਜਾ ਵੰਡਣ ਦੀ ਗੱਲ ਆਖ ਰਹੀ ਹੈ ਨਵੇਂ ਹਾਲਾਤ ਵਿੱਚ ਸਾਰੀ ਗਿਣਤੀ ਮਿਣਤੀ ਫੇਲ ਹੋ ਸਕਦੀ ਹੈ। ਪੰਜਾਬ ਸਰਕਾਰ ਮੁਆਵਜੇ ਵਾਸਤੇ ਨੁਕਸਾਨ ਦਾ ਐਸਟੀਮੇਟ ਬਣਾ ਕੇ ਕੇਂਦਰ ਨੂੰ ਭੇਜਦੀ ਹੈ ਉਹ ਰਾਹਤ ਅਜੇ ਪਹੁੰਚਦੀ ਵੀ ਨਹੀਂ ਹੈ, ਦੁਬਾਰਾ ਫਿਰ ਨੁਕਸਾਨ ਹੋ ਜਾਂਦਾ ਹੈ। ਅਕਤੂਬਰ ਮਹੀਨਾ ਚੜ੍ਹ ਚੁੱਕਿਆ ਹੈ, ਮੌਸਮ ਵਿਭਾਗ ਨੇ ਫਿਰ ਤਬਾਹੀ ਵਾਲੀ ਬਰਸਾਤ ਦੀ ਪੈਸ਼ੀਨਗੋਈ ਕੀਤੀ ਹੈ। ਰਾਵੀ ਦਰਿਆ ਵਿੱਚ 22 ਖੱਡਾਂ ਰਾਹੀਂ ਵਾਧੂ ਪਾਣੀ ਆਉਣ ਦਾ ਖਦਸ਼ਾ ਪ੍ਰਗਟਾਇਆ ਗਿਆ ਹੈ। ਰਣਜੀਤ ਸਾਗਰ ਡੈਮ ਵਿੱਚ ਪਾਣੀ ਦਾ ਪੱਧਰ 524 ਮੀਟਰ ਦੇ ਨੇੜੇ ਤੇੜੇ ਹੈ ਜੋ ਕਿ ਖਤਰੇ ਦੇ ਨਿਸ਼ਾਨ ਤੋਂ ਚਾਰ ਫੁੱਟ ਹੇਠਾਂ ਹੈ। ਪੌਂਗ ਡੈਮ ਖਤਰੇ ਦੇ ਨਿਸ਼ਾਨ ਤੋਂ ਕਰੀਬ ਦੋ ਫੁੱਟ ਹੇਠਾਂ ਹੈ ਅਤੇ ਬਿਆਸ ਦਰਿਆ ਚ ਇਸ ਵੇਲੇ 17,171 ਕਿਊਸਿਕ ਪਾਣੀ ਚੱਲ ਰਿਹਾ ਹੈ। ਭਾਖੜਾ ਡੈਮ ਵਿੱਚੋਂ ਸਤਲੁਜ ਵਿੱਚ ਵੱਧ ਤੋਂ ਵੱਧ 32,800 ਕਿਊਸਿਕ ਪਾਣੀ ਛੱਡਿਆ ਗਿਆ। ਹਰਿਆਣਾ ਸਰਕਾਰ ਨੂੰ ਵੀ ਅਗਾਹ ਕੀਤਾ ਹੈ ਕਿ ਕੌਸ਼ਲਿਆ ਡੈਮ ਨੂੰ ਰੈਗੂਲੇਟ ਕਰੇ ਤਾਂ ਜੋ 6-7 ਅਕਤੂਬਰ ਨੂੰ ਪਹਾੜਾਂ ਚੋਂ ਆਉਣ ਵਾਲੇ ਪਾਣੀ ਨੂੰ ਡੈਮ ਵਿੱਚ ਸੰਭਾਲਿਆ ਜਾ ਸਕੇ। ਵਾਧੂ ਪਾਣੀ ਆਉਣ ਦੀ ਸੂਰਤ ਵਿੱਚ ਘੱਗਰ ਦਰਿਆ ਓਵਰਫਲੋ ਨਾ ਹੋਵੇ।

ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ ਨੇ, ਕਲਾਕਾਰਾਂ ਨੇ, ਭਾਰਤ ਦੇ ਹੋਰਨਾਂ ਸੂਬਿਆਂ ਦੇ ਲੋਕਾਂ ਨੇ ਬਹੁਤ ਰਾਹਤ ਭੇਜੀ ਹੈ, ਪਰ ਹੜ੍ਹਪੀੜਤਾਂ ਲਈ ਅਜੇ ਵੀ ਇਹ ਰਾਸ਼ੀ ਨਿਗੁਣੀ ਹੈ। ਕੇਂਦਰ ਕੋਲੋਂ ਕਈ ਵਾਰ ਹੁੰਗਾਰਾ ਭਰਿਆ ਗਿਆ ਹੈ ਪ੍ਰੰਤੂ ਅਜੇ ਤੱਕ ਕੋਈ ਇੱਕਮੁਸ਼ਤ ਗਰਾਂਟ ਨਹੀਂ ਮਿਲੀ ਜੋ ਪੰਜਾਬ ਨੂੰ ਧਰਵਾਸਾ ਦੇ ਸਕੇ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪ੍ਰਧਾਨ ਮੰਤਰੀ ਮੋਦੀ ਅਤੇ ਅਮਿਤ ਸ਼ਾਹ ਨੂੰ ਵਿਅਕਤੀਗਤ ਤੌਰ ਤੇ ਮਿਲ ਕੇ ਸਾਰੀ ਸਥਿਤੀ ਬਾਰੇ ਜਾਣੂ ਕਰਾ ਚੁੱਕੇ ਹਨ।

**ਅਮਰਜੀਤ ਸਿੰਘ ਤੂਰ**
**ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ। ਹਾਲ-ਆਬਾਦ #639/40 ਏ ਚੰਡੀਗੜ੍ਹ।**
**ਫੋਨ ਨੰਬਰ : 9878469639**

# ਪੰਜਾਬ ਵਿੱਚ ਹੋ ਰਹੇ ਅੰਨੇ ਕਤਲਾਂ ਪਿੱਛੇ ਕੌਣ:.. ਤੇ ਇਸ ਨੂੰ ਰੋਕੂ ਕੌਣ

**ਬਲਬੀਰ ਸਿੰਘ ਬੱਬੀ**

ਪੰਜਾਬ ਵਿੱਚ ਅਮਨ ਕਾਨੂੰਨ ਦੀ ਜੋ ਸਥਿਤੀ ਹੈ ਉਹ ਕਿਸੇ ਨੂੰ ਵੀ ਪੁੱਛਣ ਦੀ ਜਰੂਰਤ ਨਹੀਂ ਅਖਬਾਰੀ ਖਬਰਾਂ ਸੋਸ਼ਲ ਮੀਡੀਆ ਤੇ ਹੋਰ ਸਾਧਨਾਂ ਰਾਹੀਂ ਤੁਰੰਤ ਹੀ ਸਾਡੇ ਸਾਹਮਣੇ ਆ ਜਾਂਦੀ ਹੈ ਕਿ ਪੰਜਾਬ ਦੇ ਵਿੱਚ ਕਿੱਥੇ ਲੁੱਟ ਖਸੁੱਟ ਹੋਈ ਕਿੱਥੇ ਕਤਲ ਹੋਇਆ ਕਿੱਥੇ ਕੋਈ ਹੋਰ ਵੱਡਾ ਜੁਰਮ। ਪਿਛਲੇ ਸਮੇਂ ਦੇ ਵਿੱਚ ਪੰਜਾਬ ਵਿੱਚ ਕਤਲ ਦਰ ਕਤਲ ਹੋ ਰਹੇ ਹਨ। ਕਤਲ ਸ਼ਬਦ ਕਹਿਣਾ ਤਾਂ ਸੌਖਾ ਹੈ ਪਰ ਜੋ ਕਤਲ ਹੁੰਦਾ ਹੈ ਉਸ ਨੂੰ ਹੀ ਪਤਾ ਹੁੰਦਾ ਹੈ ਕਿ ਕਤਲ ਕੀ ਹੈ ਜਾਂ ਉਸ ਦੇ ਪਰਿਵਾਰਿਕ ਮੈਂਬਰਾਂ ਨੂੰ ਜੋ ਸਭ ਕੁਝ ਝੱਲ ਰਹੇ ਹੁੰਦੇ ਹਨ ਪੰਜਾਬ ਦੇ ਵਿੱਚ ਅਮਨ ਕਾਨੂੰਨ ਵਾਲੀ ਸਥਿਤੀ ਦੀ ਰੋਜ਼ਾਨਾ ਹੀ ਕੋਈ ਨਾ ਕੋਈ ਖਬਰ ਸਾਹਮਣੇ ਆਉਂਦੀ ਹੈ ਪਰ ਨਾ ਸਰਕਾਰ ਨੋਟਿਸ ਲੈ ਰਹੀ ਹੈ ਤੇ ਨਾ ਹੀ ਪੰਜਾਬ ਪੁਲਿਸ ਪਿਛਲੇ ਸਮੇਂ ਦੇ ਵਿੱਚ ਪੰਜਾਬ ਵਿੱਚ ਰੋਜਾਨਾ ਹੀ ਲੁੱਟਾਂ ਖੋਹਾਂ ਫਿਰੌਤੀਆਂ ਲਈ ਕਤਲ ਇਥੋਂ ਤੱਕ ਹੀ ਰਸਤੇ ਜਾਂਦੀਆਂ ਬਜ਼ੁਰਗਾਂ ਦੀਆਂ ਵਾਲੀਆਂ ਲਾਹੁਣਾ ਆਮ ਗੱਲ ਹੋ ਗਈ । ਇਸ ਤੋਂ ਬਿਨਾਂ ਪੈਟਰੋਲ ਪੰਪਾਂ ਉੱਤੇ ਲੁੱਟ ਖੋਹ ਰਾਤ ਦੇ ਹਨੇਰੇ ਵਿੱਚ ਰਾਹਗੀਰਾਂ ਨੂੰ ਲੁੱਟਣ ਵਾਲੇ ਵੱਡੇ ਵੱਡੇ ਮਾਰੂ ਹਥਿਆਰਾਂ ਦੇ ਨਾਲ ਲੈਸ ਹੋ ਕੇ ਘੁੰਮ ਰਹੇ ਹਨ ਕਿੱਥੇ ਹੈ ਹੁਣ ਪੰਜਾਬ ਪੁਲਿਸ?

ਅਜਿਹੀ ਹੀ ਇੱਕ ਘਿਨਾਉਣੇ ਕਤਲ ਦੀ ਖਬਰ ਬਰਨਾਲਾ ਦੇ ਸਹਿਣਾ ਇਲਾਕੇ ਵਿੱਚੋਂ ਸਾਹਮਣੇ ਆਈ ਹੈ ਇਹ ਕਤਲ

ਸਹਿਣਾ ਦੇ ਵਿੱਚ ਹੀ ਇੱਕ ਪ੍ਰੋਪਰਟੀ ਡੀਲ ਦੇ ਦਫਤਰ ਦੇ ਵਿੱਚ ਬੈਠੇ ਨੌਜਵਾਨ ਸਰਪੰਚ ਸੁਖਵਿੰਦਰ ਸਿੰਘ ਕਲਕੱਤੇ ਵਾਲੇ ਦਾ ਕਤਲ ਹੋਇਆ ਹੈ। ਤੁਹਾਨੂੰ ਚੇਤੇ ਕਰਾ ਦਈਏ ਇਹ ਨੌਜਵਾਨ ਸਰਪੰਚ ਉਹ ਹੈ ਜਿਹੜਾ ਕੋਈ ਦੋ ਕੁ ਸਾਲ ਪਹਿਲਾਂ ਸਹਿਣੇ ਦੇ ਵਿੱਚ ਉਥੋਂ ਦੇ ਐਮਐਲਏ ਲਾਭ ਸਿੰਘ ਉਗੋਕੇ ਦੇ ਨਾਲ ਕੋਈ ਗੱਲਬਾਤ ਕਰਦਾ ਹੋਇਆ ਸਾਹਮਣੇ ਆਇਆ ਸੀ ਤੇ ਉਸ ਵਿੱਚ ਐਮਐਲਏ ਉਗੋਕੇ ਨੇ ਇਸ ਨੂੰ ਬਹੁਤ ਸਖਤ ਭਾਸ਼ਾ ਬੋਲੀ ਸੀ ਜਿਸ ਕਰਕੇ ਇਹ ਮਾਮਲਾ ਕਾਫੀ ਚਰਚਾ ਵਿੱਚ ਰਿਹਾ। ਅੱਜ ਇਸ ਜੁਰਅੱਤ ਰੱਖਣ ਵਾਲੇ ਨੌਜੁਆਨ ਸੁਖਵਿੰਦਰ ਸਿੰਘ ਦਾ ਕਤਲ ਹੋਇਆ ਹੈ ਜੋ ਕਿ ਆਪਣੇ ਪਿੰਡ ਵਿੱਚ ਕਲਕੱਤੇ ਵਾਲੇ ਦੇ ਲਾਣੇ ਕਰਕੇ ਮਸ਼ਹੂਰ ਹੈ ਤੇ ਸਰਪੰਚੀ ਲਾਣੇ ਵਿੱਚੋਂ ਹੈ। ਜਿਵੇਂ ਅੰਨੇ ਕਤਲ ਹੋ ਰਹੇ ਹਨ ਜਾਂ ਕਤਲ ਅੰਨਾ ਬਣ ਜਾਂਦਾ ਹੈ ਕਿਸੇ ਨੂੰ ਕੁਝ ਪਤਾ ਹੀ ਨਹੀਂ ਲੱਗਦਾ ਇਨਸਾਫ ਦੀ ਆਸ ਕਿੱਥੋਂ। ਸੋ ਅਜਿਹੇ ਹੀ ਅੰਨੇ ਕਤਲਾਂ ਵਿੱਚ ਇੱਕ ਹੋਰ ਕਤਲ ਸ਼ਾਮਿਲ ਹੋ ਗਿਆ ਹੈ ਸਹਿਣਾ ਤੋਂ... !

# ਜ਼ਿੰਦਗੀ ਦੀ ਸਭ ਤੋਂ ਵੱਡੀ ਨੇਮਤ ਮੇਰੇ ਗੁਰੂ ਡਾ. ਨਰੇਸ਼ ਕੁਮਾਰ

**ਦੁਨੀਆਂ** ਵਿੱਚ ਹਰ ਇਨਸਾਨ ਨੂੰ ਜਨਮ ਦੇਣ ਵਾਲੇ ਮਾਪੇ ਤਾਂ ਮਿਲਦੇ ਹੀ ਹਨ, ਪਰ ਕਿਸੇ-ਕਿਸੇ ਦੀ ਕਿਸਮਤ ਵਿੱਚ ਉਹ ਰਿਸ਼ਤਾ ਵੀ ਲਿਖਿਆ ਹੁੰਦਾ ਹੈ ਜੋ ਖੂਨ ਦਾ ਨਹੀਂ, ਪਰ ਪਿਆਰ, ਮਾਰਗਦਰਸ਼ਨ ਅਤੇ ਹੌਂਸਲੇ ਦੇ ਧਾਗਿਆਂ ਨਾਲ ਬਣਦਾ ਹੈ। ਮੇਰੀ ਜ਼ਿੰਦਗੀ ਵਿੱਚ ਇਹ ਰਿਸ਼ਤਾ ਡਾ. ਨਰੇਸ਼ ਕੁਮਾਰ ਸਰ ਨੇ ਨਿਭਾਇਆ।

2020 ਤੋਂ ਪਹਿਲਾਂ ਮੈਂ ਬਹੁਤ ਹੀ ਚੁੱਪਚਾਪ ਰਹਿਣ ਵਾਲੀ, ਆਪਣੇ ਵਿਚਾਰ ਕਿਸੇ ਸਾਹਮਣੇ ਰੱਖਣ ਤੋਂ ਡਰਣ ਵਾਲੀ ਹੁੰਦੀ ਸੀ। ਹਰ ਗੱਲ 'ਤੇ ਸਹਿਮ ਜਾਣਾ, ਆਪਣੇ ਮਨ ਦੀ ਗੱਲ ਦਿਲ ਵਿੱਚ ਹੀ ਰੱਖ ਲੈਣਾ,ਇਹ ਮੇਰੀ ਆਦਤ ਸੀ, ਪਰ ਜਦੋਂ ਹਿਮਾਚਲ ਪ੍ਰਦੇਸ਼ ਸੈਂਟਰਲ ਯੂਨੀਵਰਸਿਟੀ, ਧਰਮਸ਼ਾਲਾ ਦੇ ਪੰਜਾਬੀ-ਡੋਗਰੀ ਵਿਭਾਗ ਦੇ ਮੁਖੀ ਡਾ. ਨਰੇਸ਼ ਕੁਮਾਰ ਸਰ ਨਾਲ ਮੇਰੀ ਮੁਲਾਕਾਤ ਹੋਈ ਤਾਂ ਮੇਰੀ ਜ਼ਿੰਦਗੀ ਦਾ ਰੁਖ ਹੀ ਬਦਲ ਗਿਆ।

ਸਰ ਨੇ ਸਿਰਫ਼ ਕਿਤਾਬੀ ਗਿਆਨ ਹੀ ਨਹੀਂ ਦਿੱਤਾ, ਬਲਕਿ ਦੁਨੀਆ-ਦਾਰੀ ਦੀ ਵੀ ਸਿੱਖਿਆ ਦਿੱਤੀ। ਉਹ ਹਮੇਸ਼ਾ ਕਹਿੰਦੇ, "ਪੁੱਤਰ, ਤੂੰ ਆਪਣੀ ਗੱਲ ਪੇਸ਼ ਕਰਿਆ ਕਰ, ਮੁਸੀਬਤਾਂ ਤੋਂ ਡਰਨਾ ਨਹੀਂ, ਹਿੰਮਤ ਨਾਲ ਸਾਹਮਣਾ ਕਰਨਾ"। ਉਨ੍ਹਾਂ ਨੇ ਮੈਨੂੰ ਆਪਣੀ ਸਟੂਡੈਂਟ ਨਹੀਂ, ਆਪਣੀ ਧੀ ਮੰਨਿਆ। ਇਸ ਪਿਆਰ ਤੇ ਮਾਰਗ-ਦਰਸ਼ਨ ਨੇ ਮੈਨੂੰ ਅੱਜ ਇਸ ਕਾਬਲ ਬਣਾਇਆ ਕਿ ਮੈਂ ਪੰਜਾਬੀ ਲੇਖਕਾਂ ਤੇ ਅਲੱਗ-ਅਲੱਗ ਖੇਤਰਾਂ ਦੇ ਵਿਦਵਾਨਾਂ ਨਾਲ ਗੱਲ ਕਰ ਸਕਦੀ ਹਾਂ।

ਇਹ ਸਿਰਫ਼ ਪੜ੍ਹਾਈ ਤੱਕ ਹੀ ਸੀਮਿਤ ਨਹੀਂ ਸੀ। ਇੱਕ ਵਾਰ ਮੈਂ ਕੰਮ ਦੇ ਕਾਰਨ ਯੂਨੀਵਰਸਿਟੀ ਤੋਂ ਦੇਰ ਨਾਲ ਨਿਕਲੀ ਤੇ ਬੱਸ ਨਹੀਂ ਮਿਲੀ। ਮੈਂ ਸਰ ਨੂੰ ਫ਼ੋਨ ਕੀਤਾ। ਸਰ ਨੇ ਤੁਰੰਤ ਕਿਹਾ, "ਪੁੱਤਰ, ਉੱਥੇ ਹੀ ਖੜ੍ਹੀ ਰਹੀ, ਮੈਂ ਆਪਣੇ ਡਾਕਟਰੇਟ ਕਰ ਰਹੇ ਵਿਦਿਆਰਥੀ ਨੂੰ ਤੇਰੀ ਸਹਾਇਤਾ ਲਈ ਹੁਣੇ ਭੇਜਦਾ ਹਾਂ"। ਜਦ ਤੱਕ ਉਹ ਸਕਾਲਰ ਮੇਰੇ ਕੋਲ ਨਹੀਂ ਪਹੁੰਚਿਆ, ਸਰ ਦੀਆਂ

ਕਾਲਾਂ ਆਉਂਦੀਆਂ ਰਹੀਆਂ। ਉਹ ਫ਼ਿਕਰ, ਉਹ ਸਨੇਹ, ਉਹ ਪਿਤਾ ਵਾਲੀ ਚਿੰਤਾ ਜਿਸ ਨੂੰ ਸੋਚ ਅੱਜ ਵੀ ਮੇਰੀਆਂ ਅੱਖਾਂ ਭਿੱਜ ਜਾਂਦੀਆ ਹਨ।

ਮੇਰੇ ਪਿਤਾ ਜੀ ਵੀ ਕਹਿੰਦੇ ਹਨ, "ਜਿੱਥੇ ਤੇਰੇ ਸਰ ਹਨ, ਉੱਥੇ ਸਾਨੂੰ ਧੀ ਦੀ ਚਿੰਤਾ ਨਹੀਂ"। ਇਹ ਗੱਲ ਸਿਰਫ਼ ਸ਼ਬਦ ਨਹੀਂ, ਮੇਰੇ ਲਈ ਸੁਰੱਖਿਆ ਤੇ ਪਿਆਰ ਦੀ ਛਾਂ ਵੀ ਹੈ। ਸਰ ਦੀ ਧੀ ਕ੍ਰਿਤਿਕਾ ਨੂੰ ਮੈਂ ਆਪਣੀ ਛੋਟੀ ਭੈਣ ਅਤੇ ਬੇਟੇ ਕਣਵ ਨੂੰ ਛੋਟੇ ਭਰਾ ਵਾਂਗ ਮੰਨਦੀ ਹਾਂ। ਕਈ ਵਾਰ ਛੋਟੀਆਂ-ਛੋਟੀਆਂ ਗੱਲਾਂ ਤੇ ਰੁੱਸ ਜਾਣਾ, ਫਿਰ ਮੁੜ ਹੱਸਣਾ ਇਹ ਸਭ ਕੁਝ ਇੱਕ ਪਰਿਵਾਰ ਦੀ ਹੀ ਤਸਵੀਰ ਹੈ।

ਅੱਜ ਮੇਰੇ ਤਿੰਨ ਘਰ ਹਨ ਮੈਨੂੰ ਜਨਮ ਦੇਣ ਵਾਲੇ ਮਾਪੇ, ਮੇਰੇ ਗੁਰੂ-ਮਾਪੇ, ਅਤੇ ਭਵਿੱਖ ਦੇ ਸੱਸ-ਸਹੁਰੇ। ਮੇਰੀ ਜ਼ਿੰਦਗੀ ਵਿੱਚ ਇਹ ਅਨਮੋਲ ਸਬੰਧ ਵਾਹਿਗੁਰੂ ਦੀ ਬਖ਼ਸ਼ਿਸ਼ ਸਦਕਾ ਹੀ ਹਨ।

ਅੱਜ ਵਿਸ਼ਵ ਅਧਿਆਪਕ ਦਿਵਸ ਦੇ ਮੌਕੇ 'ਤੇ ਮੈਂ ਆਪਣੇ ਗੁਰੂ ਡਾ. ਨਰੇਸ਼ ਕੁਮਾਰ ਸਰ ਨੂੰ ਸ਼ੁਕਰਾਨਾ ਅਰਪਣ ਕਰਦੀ ਹਾਂ। ਉਹ ਸਿਰਫ਼ ਮੇਰੇ ਅਧਿਆਪਕ ਨਹੀਂ, ਮੇਰੇ ਜੀਵਨ ਦੇ ਤੀਜੇ ਮਾਪੇ ਹਨ, ਜਿਨ੍ਹਾਂ ਨੇ ਮੈਨੂੰ ਹਿੰਮਤ, ਆਤਮ-ਵਿਸ਼ਵਾਸ ਤੇ ਮਨੁੱਖਤਾ ਦੀ ਸਿੱਖਿਆ ਦਿੱਤੀ। ਅੱਜ ਮੈਂ ਜਿੱਥੇ ਵੀ ਖੜੀ ਹਾਂ, ਉਹ ਸਰ ਦੀ ਹੀ ਦਿਤੀ ਤਾਕਤ ਤੇ ਸਨੇਹੇ ਦੀ ਬਦੌਲਤ ਹੈ। ਸੱਚੇ ਪਾਤਸ਼ਾਹ-ਵਾਹਿਗੁਰੂ ਜੀ ਦਾ ਸ਼ੁਕਰਾਨਾ ਹੈ, ਜਿਨ੍ਹਾਂ ਨੇ ਆਪਣੇ ਰੂਪ ਵਿੱਚ ਮੇਰੇ ਜੀਵਨ ਵਿੱਚ ਐਸਾ ਗੁਰੂ ਭੇਜਿਆ।

**ਸ਼ਿਵਾਨੀ ਚੌਧਰੀ**
**ਹਿਮਾਚਲ ਪ੍ਰਦੇਸ਼**
**ਪੇਸ਼ਕਸ਼ :- ਬਲਦੇਵ ਸਿੰਘ ਬੇਦੀ**

# 18ਵੇਂ ਰਾਜ ਪੱਧਰੀ ਰਾਜ ਪੁਰਸਕਾਰ ਸਮਾਰੋਹ ਦੀਆਂ ਤਿਆਰੀਆਂ ਸ਼ੁਰੂ - ਪ੍ਰੋ. ਭੋਲਾ ਯਮਲਾ

**ਸ਼੍ਰੀ ਮੁਕਤਸਰ ਸਾਹਿਬ, (ਰਮੇਸ਼ਵਰ ਸਿੰਘ )** - ਇੰਡਕ ਆਰਟਸ ਚੈਰੀਟੇਬਲ ਵੈਲਫੇਅਰ ਕੌਂਸਲ ਵੱਲੋਂ ਆਯੋਜਿਤ ਕੀਤਾ ਜਾਣ ਵਾਲਾ 18ਵਾਂ ਸੂਬਾ ਪੱਧਰੀ ਰਾਜ ਪੁਰਸਕਾਰ ਸਮਾਰੋਹ -2025 ਅਕਤੂਬਰ ਮਹੀਨੇ ਵਿੱਚ ਲਵ ਪੰਜਾਬ ਫਾਰਮ ਕੋਟਕਪੂਰਾ ਵਿਖੇ ਕਰਵਾਇਆ ਜਾਵੇਗਾ । ਇੱਥੇ ਵਰਨਨ ਯੋਗ ਹੈ ਕਿ ਪਹਿਲਾਂ ਇਹ ਸਮਾਰੋਹ 10 ਸਤੰਬਰ 2025 ਲਈ ਨਿਰਧਾਰਤ ਸੀ, ਪਰ ਪੰਜਾਬ ਵਿੱਚ ਆਈ ਭਿਆਨਕ ਹੜ੍ਹਾਂ ਦੀ ਸਥਿਤੀ ਨੂੰ ਦੇਖਦੇ ਹੋਏ ਲੋਕਾਂ ਨਾਲ ਹਮਦਰਦੀ ਤੇ ਸਹਿਭਾਗਤਾ ਪ੍ਰਗਟਾਉਂਦੇ ਹੋਏ ਇਸਨੂੰ ਮੁਲਤਵੀ ਕਰ ਦਿੱਤਾ ਗਿਆ ਸੀ। ਹੁਣ ਮੁੜ ਇਸ ਪ੍ਰੋਗਰਾਮ ਦੀਆਂ ਤਿਆਰੀਆਂ ਜੋਰਾਂ-ਸ਼ੋਰਾਂ ਨਾਲ ਸ਼ੁਰੂ ਹੋ ਚੁੱਕੀਆਂ ਹਨ,ਅਕਤੂਬਰ ਮਹੀਨੇ ਚ ਹੀ ਤਰੀਕ ਜਲਦੀ ਘੋਸ਼ਿਤ ਕੀਤੀ ਜਾਵੇਗੀ।

ਇਕ ਅਹਿਮ ਮੀਟਿੰਗ ਵਿੱਚ, ਜਿਸ ਦੀ ਅਗਵਾਈ ਕੌਂਸਲ ਦੇ ਮੁੱਖ ਸਰਪ੍ਰਸਤ ਹਰਦੀਪ ਸਿੰਘ ਕਿੰਗਰਾ, ਆਈਐਫਐਸ ( ਰਿਟਾਇਰਡ ), ਸੰਸਥਾ ਦੇ ਸੰਸਥਾਪਕ ਡਾਇਰੈਕਟਰ ਪ੍ਰੋਫੈਸਰ ਭੋਲਾ ਯਮਲਾ, ਅਸ਼ੋਕ ਵਿੱਕੀ ਕੌਮੀ ਕਨਵੀਨਰ ਮੀਡੀਆ ਤੇ ਆਈਟੀ ਸੈਲ, ਇਕਬਾਲ ਸਿੰਘ ਸਹੋਤਾ ਕੌਮੀ ਕਨਵੀਨੀਅਰ ਸਾਹਿਤ ਅਤੇ ਭਾਸ਼ਾ ਸੈੱਲ ਹੋਰਾਂ ਨੇ ਕੀਤੀ, ਸਮਾਰੋਹ ਨਾਲ ਸੰਬੰਧਿਤ ਯੋਜਨਾਵਾਂ ਵਿਸਥਾਰਪੂਰਵਕ ਚਰਚਾ ਕੀਤੀ ਗਈ।

ਮੀਟਿੰਗ ਦੇ ਮੁੱਖ ਫ਼ੈਸਲੇ ਲਏ ਗਏ ਇਸ ਸਾਲ ਵੀ ਰਾਜ ਪੱਧਰ 'ਤੇ ਚੁਣੇ ਹੋਏ ਕਲਾਕਾਰਾਂ, ਸੰਗੀਤਕਾਰਾਂ, ਸਾਹਿਤਕਾਰਾਂ, ਸੱਭਿਆਚਾਰਕ ਕਾਰਕੁਨਾਂ, ਸਮਾਜ ਸੇਵੀਆਂ ਅਤੇ ਯੁਵਕ-ਯੁਵਤੀਆਂ ਨੂੰ ਰਾਜ ਪੁਰਸਕਾਰਾਂ ਨਾਲ ਨਵਾਜਿਆ ਜਾਵੇਗਾ।

ਸਮਾਰੋਹ ਦੌਰਾਨ ਪੰਜਾਬ ਦੀ ਲੋਕ ਸੱਭਿਆਚਾਰ, ਲੋਕ ਗਾਇਕੀ ਅਤੇ ਰਵਾਇਤੀ ਕਲਾਵਾਂ ਨੂੰ ਵਿਸ਼ੇਸ਼ ਰੂਪ ਨਾਲ ਪ੍ਰਦਰਸ਼ਿਤ ਕੀਤਾ ਜਾਵੇਗਾ।

ਨਵੀਂ ਪੀੜ੍ਹੀ ਦੇ ਯੁਵਾ ਪ੍ਰਤਿਭਾਸ਼ਾਲੀਆਂ ਨੂੰ ਮੰਚ ਪ੍ਰਦਾਨ ਕਰਕੇ ਉਹਨਾਂ ਨੂੰ ਉਤਸ਼ਾਹਿਤ ਕੀਤਾ ਜਾਵੇਗਾ। ਸਾਹਿਤ ਅਤੇ ਭਾਸ਼ਾ ਸੈੱਲ ਦੇ ਕੌਮੀ ਕਨਵੀਨਰ ਸ੍ਰੀ ਇਕਬਾਲ ਸਿੰਘ ਸਹੋਤਾ ਨੇ ਜਾਣਕਾਰੀ ਦਿੱਤੀ ਕਿ ਇਸ ਵਾਰ ਦੇ ਸਮਾਰੋਹ ਵਿੱਚ ਚਾਰ ਨਵੀਆਂ ਪੁਸਤਕਾਂ ਸੰਸਥਾ ਵੱਲੋਂ ਲੋਕ ਅਰਪਣ ਕੀਤੀਆਂ ਜਾਣਗੀਆਂ।

ਮੀਡੀਆ ਸੈੱਲ ਦੇ ਕੌਮੀ ਕਨਵੀਨਰ ਸ੍ਰੀ ਅਸ਼ੋਕ ਵਿੱਕੀ ਨੇ ਕਿਹਾ ਕਿ ਸਮਾਰੋਹ ਨੂੰ ਵਿਆਪਕ ਪੱਧਰ 'ਤੇ ਲੋਕਾਂ ਤੱਕ ਪਹੁੰਚਾਉਣ ਲਈ ਮੀਡੀਆ ਰਾਹੀਂ ਵਿਸ਼ੇਸ਼ ਪ੍ਰਚਾਰ-ਪ੍ਰਸਾਰ ਕੀਤਾ ਜਾਵੇਗਾ।

ਪ੍ਰੋ. ਭੋਲਾ ਯਮਲਾ ਨੇ ਕਿਹਾ ਕਿ ਇਹ ਸਮਾਰੋਹ ਕੇਵਲ ਸਨਮਾਨ ਦਾ ਮੰਚ ਹੀ ਨਹੀਂ, ਸਗੋਂ ਪੰਜਾਬੀ ਸੱਭਿਆਚਾਰ ਦੀਆਂ ਜੜ੍ਹਾਂ ਨੂੰ ਮਜ਼ਬੂਤ ਕਰਨ, ਨਵੀਂ ਪੀੜ੍ਹੀ ਨੂੰ ਜੋੜਨ ਅਤੇ ਸਮਾਜ ਸੇਵਾ ਦੇ ਜਜ਼ਬੇ ਨੂੰ ਵਧਾਉਣ ਦਾ ਇਕ ਵਿਲੱਖਣ ਯਤਨ ਹੈ।

## ਕੈਨੇਡਾ ਦੇ ਗਰੈਂਡ ਫੋਰਐਕਸ ਇਲਾਕੇ 'ਚ ਮ੍ਰਿਤਕ ਮਿਲੇ 100 ਹਿਰਨਾ ਦੀ ਬਰਾਮਦੀ ਮਗਰੋਂ ਲੋਕਾਂ ਨੂੰ ਚੌਕਸ ਰਹਿਣ ਦੀ ਅਪੀਲ

**ਵੈਨਕੂਵਰ ,ਅਕਤੂਬਰ (ਮਲਕੀਤ ਸਿੰਘ)-** ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਗ੍ਰੈਂਡ ਫੋਰਕਸ ਜੰਗਲੀ ਇਲਾਕੇ ਚ 100 ਹਿਰਨਾਂ ਦੀਆਂ ਲਾਸ਼ਾਂ ਬਰਾਮਦ ਹੋਣ ਮਗਰੋਂ ਬੀਸੀ ਸਰਕਾਰ ਵੱਲੋਂ ਆਮ ਨਾਗਰਿਕਾਂ ਨੂੰ ਚੌਕਸ ਰਹਿਣ ਦੀ ਸਲਾਹ ਦਿੱਤੀ ਗਈ ਹੈ। ਇੰਨੀ ਵੱਡੀ ਗਿਣਤੀ ਵਿੱਚ ਹਿਰਨਾਂ ਦੇ ਅਚਾਨਕ ਮਾਰੇ ਜਾਣ ਦੀ ਘਟਨਾ ਮਗਰੋਂ ਜੰਗਲੀ ਜੀਵ ਪ੍ਰੇਮੀਆਂ ਵਿੱਚ ਨਿਰਾਸ਼ਾ ਦਾ ਆਲਮ ਵੇਖਿਆ ਜਾ ਰਿਹਾ ਹੈਂਡ ਇਸ ਸਬੰਧੀ ਪ੍ਰਾਪਤ ਹੋਰ ਵੇਰਵਿਆਂ ਮੁਤਾਬਕ ਹਿਰਨਾਂ ਦੀ ਮੌਤ ਇੱਕ ਵਾਇਰਸ ਨਾਲ ਹੋਣੀ ਕਿਆਸੀ ਜਾ ਰਹੀ ਹੈਂਡ ਅਤੇ ਇਹ ਵਾਇਰਸ ਮਨੁੱਖਾਂ ਲਈ ਖਤਰਨਾਕ ਨਹੀਂ ਮੰਨਿਆ ਗਿਆਂਡ ਬੀਸੀ ਦੀ ਸੁਬਾਈ ਸਰਕਾਰ ਵੱਲੋਂ ਇਸ ਸਬੰਧੀ ਕੋਈ ਵੀ ਲੋੜੀਂਦੀ ਜਾਣਕਾਰੀ ਜੰਗਲੀ ਜੀਵ ਅਧਿਕਾਰੀਆਂ ਨਾਲ ਸਾਂਝੀ ਕਰਨ ਦੀ ਅਪੀਲ ਵੀ ਕੀਤੀ ਗਈ ਹੈ।

# ਕੁੱਕੜ (ਹਾਸਰਸ ਵਿਅੰਗ)

ਝੋਨੇ ਦੀ ਫ਼ਸਲ ਪੱਕ ਕੇ ਤਿਆਰ ਬਰ ਤਿਆਰ ਹੋ ਗਈ ਸੀ। ਬਾਬਾ ਜੱਗਾ ਸਿੰਘ ਖੇਤਾ ਵਿੱਚ ਖੜੀ ਭਰਵੀਂ ਫਸਲ ਦੇਖ ਕੇ ਚਿੱਟੀਆਂ ਮੁਛਾਂ ਤੇ ਹਥ ਫੇਰ ਕੇ ਫਿਰ ਰਿਹਾ ਸੀ ਜਿਵੇਂ ਅੰਦਰੋਂ ਅੰਦਰੀਂ ਖੁਸ਼ੀ ਦੇ ਲੱਡੂ ਫੁੱਟ ਰਹੇ ਸਨ। ਅਚਾਨਕ ਸੜਕੇ ਸੜਕ ਤੁਰਿਆ ਜਾਂਦਾ ਤਾਰਾ ਸਿਓ ਬੋਲਿਆ, ਕਿਵੇਂ ਆ ਬਾਬਾ, ਜੱਗਾ ਸਿਓ ਨੇ ਮੋੜਵਾਂ ਜਵਾਬ ਦਿੱਤਾ ਜਵਾ ਨੋ ਬਰ ਨੋ , ਚੜਦੀ ਕਲਾ, ਤਾਰਾ ਸਿਓ ਬੋਲਿਆ, ਕਿਓਂ ਕਿਥੇ ਸੁੱਟਣ ਦਾ ਇਰਾਦਾ ਫਿਰ ਝੋਨਾਂ, ਬਾਬੇ ਨੇ ਮੋੜਵਾਂ ਜਵਾਬ ਦਿੱਤਾ, ਸੁਨਿਆਰੇ ਦੇ,ਸਾਡਾ ਇਕੋ ਇਕ ਪੱਕਾ ਯਾਰ ਅੜੇ ਥੁੜੇ ਬੋੜਦਾ, ਨਾ ਕਦੇ ਮੋੜਦਾ ਪੂਰੇ ਚਾਲੀ ਸਾਲ ਹੋ ਗਏ ਉਹਦੀ ਆੜਤ ਤੇ। ਤਾਰਾ ਸਿਓ ਮਸ਼ਕਰੀ ਵਿਚ ਬੋਲਿਆ, ਆਹੋ ਸੋਨਾ ਤੇ ਸੁਨਿਆਰਿਆਂ ਦੇ ਹੀ ਸੋਹਣਾ ਲਗਦਾ । ਜੱਟ ਦਾ ਸੋਨਾ ਹੀ ਆ , ਜਿੰਦ ਜਾਨ ਨਾਲ ਪਾਲਿਆ ਪਾਣੀ ਲਾ ਲਾ ਕੇ, ਰਾਤ ਦਿਨ ਇਕ ਕੀਤਾ ਆ , ਬਾਕੀ ਬੰਦਾ ਬੰਦੇ ਦਾ ਦਾਰੂ ਹੁੰਦਾ। ਤੂੰ ਕਿਹਦੇ ਲਿਜਾ ਰਿਹਾ ਬਾਬੇ ਨੇ ਪੁੱਛਿਆ। ਤਾਰਾ ਸਿਓ ਬੋਲਿਆ, ਆਪਾ ਤਾਂ ਇਸ ਵਾਰੀ ਭਤੀਜੇ ਦੇ ਜਾਵਾਂਗੇ ਨਵਾਂ ਲਾਇਸੈਂਸ ਲਿਆ ਆੜਤੀਏ ਦਾ , ਬਥੇਰਾ ਢੂਆ ਮਰਵਾਇਆ ਹੁਣ ਤੱਕ। ਹਾਂ ਨਾਲੇ ਬੀਕੇਯੂ ਪੰਜਾਬ ਵਾਲਾ ਬਾਜਵਾ ਟਕਰਿਆ ਸੀ , ਕਹਿੰਦਾਂ ਸੀ ਧਿਆਨ ਨਾਲ ਫ਼ਸਲ ਵੇਚਿਓ, ਕੰਡਾ ਜਰੂਰ ਚੈਕ ਕਰ ਲਿਓ, ਮੰਡੀਆਂ ਵਿੱਚ ਬਥੇਰਾ ਢੂਆ ਮਾਰਦੇ ਆ ਕਿਸਾਨਾਂ ਦਾ। ਕੁੱਝ ਦਿਨਾਂ ਬਾਅਦ ਅੱਜ ਬਾਬੇ ਜੱਗਾ ਸਿਓ ਝੋਨਾ ਲੈ ਕੇ ਮੰਡੀ ਪਹੁੰਚ ਗਿਆ ਸੀ। ਦੂਰੋਂ ਦੇਖਦਿਆਂ ਆੜਤੀਆਂ ਬੋਲਿਆ, ਕਾਕਾ ਤੇਰਾ ਤਾਇਆ ਆਇਆ ਭੱਜ ਕੇ ਫੜ ਵਿਚ ਝੋਨਾ ਢੇਰੀ ਕਰਵਾ ਲਾ, ਜੱਗਾ ਸਿਓ ਨੂੰ ਸੰਬੋਧਨ ਕਰਦਿਆਂ ਆੜਤੀਆਂ ਬੋਲਿਆ, ਆਜਾ ਤੂੰ

ਅੰਦਰ ਲੰਘ ਆ ਆਪੇ ਸਾਂਭ ਲੈਣਗੇ ਤੇਰੀ ਡਿਊਟੀ ਖਤਮ ਤੇ ਹੁਣ ਸਾਡੀ ਸ਼ੁਰੂ, ਨਾਲ ਹੀ ਮੁਨੀਮ ਨੂੰ ਸੰਬੋਧਨ ਕਰਦਿਆਂ ਆੜਤੀਏ ਨੇ ਗਰਮਾ ਗਰਮ ਚਾਹ ਲਿਆਉਣ ਦਾ ਆਡਰ ਚਾੜ ਦਿੱਤਾ। ਬਾਬਾ ਜੱਗਾ ਸਿਓ ਆੜਤੀਏ ਦੇ ਕੰਮਰੇ ਵਿੱਚ ਜਾ ਬੈਠਾ, ਆੜਤੀਆਂ ਬੋਲਿਆ ਸੁਣਾ ਘਰੇ ਕਿਵੇਂ ਸਭ ਠੀਕ ਨੇ, ਜੱਗਾ ਸਿਓ ਨੇ ਹਾਂ ਵਿਚ ਸਿਰ ਹਿਲਾਇਆ, ਆੜਤੀਆਂ ਫਿਰ ਬੋਲਿਆ ਚਾਲੀ ਸਾਲ ਦੀ ਯਾਰੀ ਆ ਕੋਈ ਛੋਲਿਆ ਦਾ ਵੱਡ ਨੀ। ਜੱਗਾ ਸਿਆਂ, ਛੇ ਖਾਤਰਦਾਰੀ ਦਾ ਤੇ ਉਹ ਅਸੀਂ ਨਹੀਂ ਛੱਡਣਾ। ਇਹ ਬਿਸਤਰਾ ਤੇਰੇ ਲੀ ਲਾਇਆ ਅਰਾਮ ਨਾਲ ਟਿਕ ਨਾਲੇ ਰੋਟੀ ਘਰੋਂ ਨੀ ਮਗਾਉਣੀ ਅੱਜ ਲਾਲੀ ਦੇ ਹੱਥਾਂ ਦੀਆਂ ਪੱਕੀਆਂ ਖਾਵਾਂਗੇ। ਥੋੜਾ ਮੋਸਚਰ ਆ ਕੋਈ ਨੀ ਫੜ ਖੁਲਾ , ਖਿਲਾਰ ਕੇ ਪੱਖਾ ਲਵਾਉਣੇ ਆ ਸਵੇਰੇ ਤੱਕ ਤੋਲ ਲਾ ਦਿਆਂਗੇ ਨਾਲੇ ਅੱਜ ਦੀ ਰਾਤ ਸਾਨੂੰ ਮਹਿਮਾਨ ਨਿਵਾਜ਼ੀ ਦਾ ਮੌਕਾ ਮਿਲਜੂ ਇਨੇ ਚਿਰ ਨੂੰ ਮੁਨੀਮ ਚਾਹ ਲੈ ਆਇਆ ਸੀ। ਬਾਬਾ ਜੱਗਾ ਸਿਓ ਚਾਹ ਦੀ ਚੁਸਕੀ ਭਰਦਿਆਂ ਸੋਚਣ ਲਗਿਆ ਕਿ ਚਾਲੀ ਸਾਲ ਪਹਿਲਾਂ ਮੇਰਾ ਆੜਤੀਆਂ, ਆੜਤੀਆਂ ਦਾ ਮੁਨੀਮ ਹੁੰਦਾ ਸੀ ਤੇ ਹੁਣ ਚਾਰ ਸੈਲਰਾ ਦਾ ਮਾਲਕ ਬਣ ਗਿਆ ਸੀ । ਸ਼ਹਿਰ ਵਿਚ ਵੱਡੀ ਕੋਠੀ ਪਾ ਲਈ ਸੀ ਤੇ ਦਸ ਬਾਰਾਂ ਦੁਕਾਨਾਂ ਬਣਾ ਕੇ ਕਿਰਾਏਦਾਰਾਂ ਨੂੰ ਚੜਾਈਆਂ ਹੋਈਆ ਸਨ ਇਨ੍ਹਾਂ ਕੁਝ ਹੋਣ ਦੇ ਬਾਵਜੂਦ ਆੜਤੀਏ ਦਾ ਪਿਆਰ ਡੁਲ ਡੁਲ ਪੈਦਾ ਸੀ। ਇਨੇ ਨੂੰ ਆੜਤੀਏ ਨੇ ਮੁਨੀਮ ਨੂੰ ਅਵਾਜ਼ ਮਾਰਦਿਆਂ ਆਖਿਆ, ਮੁਨੀਮ ਜੀ ਇਹ ਜੱਗਾ ਸਿਓ ਮੇਰੇ ਵੱਡੇ ਭਰਾ ਨੇ ਦੇਖਿਆ ਕੋਈ ਉਲਾਮਾ ਨਾ ਆਵੇ ਅੱਜ ਪੂਰੀ ਖਾਤਰਦਾਰੀ ਹੋਣੀ ਚਾਹੀਦੀ ਹੈ ਕੋਈ ਕਸਰ ਨਹੀਂ ਛੱਡਣੀ, ਮੈਂ ਭਾਬੀ ਤੋਂ ਉਲਾਮਾ ਨੀ ਲੈਣਾ ਕਿ ਮੰਡੀ ਗਏ ਭਰਾ ਨੂੰ ਪੁੱਛਿਆ ਨੀ । ਅੱਜ ਦਾਰੂ ਤੇ ਮੁਰਗੇ ਦਾ ਪ੍ਰਬੰਧ ਕਰੋ । ਮੁਨੀਮ ਨੇ ਮੁਸਕਰਾ ਕੇ ਕਿਹਾ ਮਾਲਕੋ ਇਹ ਕੋਈ ਪੁੱਛਣ ਦੀ ਗੱਲ ਆ ਪਿਛਲੇ ਚਾਲੀ ਸਾਲ ਤੋਂ ਹਰ ਵਾਰ ਜੱਗਾ ਸਿਓ ਲਈ ਤੁਸੀਂ ਸਪੈਸ਼ਲ ਮੁਰਗੇ ਬਣਾਉਂਦੇ ਆ ਰਹੇ ਓ। ਫਿਰ ਇਸ ਵਾਰ ਮੁਰਗਾ ਕਿਵੇਂ ਬੱਚ ਜਾਉ। ਜੱਗਾ ਸਿਓ ਦੀ ਰਾਤ ਖੂਬ ਸੇਵਾ ਹੋਈ ਮੁਰਗੇ ਨਾਲ ਦਾਰੂ ਦਾ ਦੌਰ ਵੀ ਚੱਲਿਆ ਦਿਨ ਚੜ੍ਹੇ ਤੋਲ ਲਗਿਆ, ਝੋਨਾ ਤੋਲਿਆ ਗਿਆ,ਪਰਚੀ ਬਣ ਗਈ। ਜੱਗਾ ਸਿਓ ਪਰਚੀ ਲਈ ਘਰ ਪੁਜਿਆ ਹਿਸਾਬ ਕਿਤਾਬ ਕਰਦਾ ਸੋਚੀਂ ਪੈ ਗਿਆ ਯਾਰ ਫ਼ਸਲ ਤਾਂ ਐਤਕੀਂ ਬੰਪਰ ਲਗਦੀ ਸੀ ਪਰ ਪਤਾ ਨੀ ਕਿਓਂ ਝਾੜ ਘੱਟ ਲਗ ਰਿਹਾ। ਖੈਰ ਕੁਝ ਵੀ ਹੋਵੇ ਜੱਗਾ ਸਿਆਂ ਚਾਲੀ ਸਾਲ ਤੋਂ ਆੜਤੀਏ ਵੱਲੋਂ ਕੀਤੀ ਜਾ ਰਹੀ ਖਾਤਰਦਾਰੀ ਅਤੇ ਮੁਰਗੇ ਦਾ ਸਵਾਦ ਹੀ ਵੱਖਰਾ ਆ।

**ਲੇਖਕ ਹਰਜਿੰਦਰ ਸਿੰਘ ਚੰਦੀ ਮਹਿਤਪੁਰ 9464815725**

# ਅਮਰਜੀਤ ਕੌਰ ਖ਼ਾਨਪੁਰੀ ਦੀ ਅੰਤਿਮ ਅਰਦਾਸ ਮੌਕੇ ਵੱਖ-ਵੱਖ ਵਰਗਾਂ ਵਲੋਂ ਸ਼ਰਧਾਂਜਲੀਆਂ

## ਅਮਰਜੀਤ ਕੌਰ ਨੇ ਸੱਚ ਅਤੇ ਇਮਾਨਦਾਰੀ ਦਾ ਰਸਤਾ ਦਿਖਾਇਆ–ਸਤਨਾਮ ਮਾਣਕ

**ਸਰੀ/ ਵੈਨਕੂਵਰ (ਕੁਲਦੀਪ ਚੁੰਬਰ)**–ਖ਼ਾਨਪੁਰੀ ਪਰਿਵਾਰ ਦੇ ਕਲਾ, ਸਾਹਿਤ, ਵਿਰਸਾ, ਵਿਰਾਸਤ, ਪੰਜਾਬੀ ਭਾਸ਼ਾ ਅਤੇ ਮੀਡੀਆ ਵਿਚ ਪਾਏ ਯੋਗਦਾਨ ਦੇ ਪਿੱਛੇ ਸ਼੍ਰੀਮਤੀ ਅਮਰਜੀਤ ਕੌਰ ਦੀ ਅਹਿਮ ਭੂਮਿਕਾ ਰਹੀ ਹੈ। ਉਨ੍ਹਾਂ ਨੇ ਹਮੇਸ਼ਾ ਸੱਚ, ਸਮਾਜ ਸੇਵਾ ਅਤੇ ਇਮਾਨਦਾਰੀ ਦਾ ਰਸਤਾ ਦਿਖਾਇਆ। ਇਹ ਵਿਚਾਰ ਰੋਜਾਨਾ 'ਅਜੀਤ' ਦੇ ਸਹਾਇਕ ਸੰਪਾਦਕ ਸਤਨਾਮ ਸਿੰਘ ਮਾਣਕ ਨੇ ਕਸਬਾ ਸ਼ਾਮਚੁਰਾਸੀ ਤੋਂ ਰੋਜ਼ਾਨਾ 'ਅਜੀਤ' ਦੇ ਸੀਨੀਅਰ ਪੱਤਰਕਾਰ ਗੁਰਮੀਤ ਸਿੰਘ ਖ਼ਾਨਪੁਰੀ ਦੀ ਧਰਮ ਪਤਨੀ ਅਮਰਜੀਤ ਕੌਰ ਖ਼ਾਨਪੁਰੀ ਦੀ ਪਿੰਡ ਖ਼ਾਨਪੁਰ ਸਹੋਤਾ ਵਿਖੇ ਅੰਤਿਮ ਅਰਦਾਸ ਮੌਕੇ ਕਰਵਾਏ ਗਏ ਸ਼ਰਧਾਂਜਲੀ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਪ੍ਰਗਟ ਕੀਤੇ।

ਸਮਾਜ ਵੀਕਲੀ ਨਿਊਜ਼

ਇਨ੍ਹਾਂ ਤੋਂ ਇਲਾਵਾ ਸੰਤ ਬਾਬਾ ਹਰਦੇਵ ਸਿੰਘ ਤਲਵੰਡੀ ਅਰਾਈਆਂ, ਸਾਬਕਾ ਮੰਤਰੀ ਬੀਬੀ ਮਹਿੰਦਰ ਕੌਰ ਜੋਸ਼, ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਲਖਵਿੰਦਰ ਸਿੰਘ ਲੱਖੀ, ਦੂਰਦਰਸ਼ਨ ਜਲੰਧਰ ਦੇ ਸਾਬਕਾ ਡਿਪਟੀ ਡਾਇਰੈਕਟਰ ਜਨਰਲ ਓਮ ਗੌਰੀ ਦੱਤ ਸ਼ਰਮਾ, ਆਕਾਸ਼ਬਾਣੀ ਜਲੰਧਰ ਦੀ ਐਨਾਊਸਰ ਸੁਖਜੀਤ ਕੌਰ, ਸ਼ੁਭ ਕਰਮਨ ਸੁਸਾਇਟੀ ਦੇ ਪ੍ਰਧਾਨ ਰਸ਼ਪਾਲ ਸਿੰਘ, ਗੀਤਕਾਰ ਰੂਪਾ ਮਿੱਠਾ ਪੁਰੀਆ, ਗੀਤਕਾਰ ਤੇ ਐਂਕਰ ਬਲਦੇਵ ਰਾਹੀ ਨੇ ਉਨ੍ਹਾਂ ਦੀਆਂ ਸੇਵਾਵਾਂ ਨੂੰ ਯਾਦ ਕਰਕੇ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਦੂਰਦਰਸ਼ਨ ਜਲੰਧਰ ਦੇ ਪ੍ਰੋਗਰਾਮ ਮੁੱਖੀ ਕੇਵਲ ਕ੍ਰਿਸ਼ਨ, ਸਾਬਕਾ ਵਿਧਾਇਕ ਪਵਨ ਕੁਮਾਰ ਆਦੀਆ, ਕੌਮੀ ਅਰੋੜਾ ਏਕਤਾ ਪਰਿਵਾਰ ਸਿਰਸਾ ਵਲੋਂ ਮੋਹਣ ਲਾਲ ਅਰੋੜਾ, ਜਨ ਸੇਵਾ ਸੁਸਾਇਟੀ ਹਰਿਆਣਾ ਦੇ ਪ੍ਰਧਾਨ ਸ਼ਾਦੀ ਲਾਲ ਵਲੋਂ ਭੇਜੇ ਵਿਸ਼ੇਸ਼ ਸ਼ੋਕ ਸੁਨੇਹੇ ਵਿਚ ਬੀਬੀ ਅਮਰਜੀਤ ਕੌਰ ਦੀਆਂ ਸੇਵਾਵਾਂ ਤੇ ਚਾਨਣਾ ਪਾਇਆ ਗਿਆ। ਇਸ ਤੋਂ ਪਹਿਲਾਂ ਭਾਈ ਹਰਜਿੰਦਰ ਸਿੰਘ ਮੂੰਡੀਆਂ ਦੇ ਜਥੇ ਨੇ ਵੈਰਾਗਮਈ ਕੀਰਤਨ ਅਤੇ ਕਥਾ ਨਾਲ ਸੰਗਤਾਂ ਨੂੰ ਜੋੜਿਆ। ਅੰਤ ਵਿਚ ਸਾਬਕ ਮੰਤਰੀ ਬੀਬੀ ਮਹਿੰਦਰ ਕੌਰ ਜੋਸ਼ ਨੇ ਪਰਿਵਾਲ ਵਲੋਂ ਧੰਨਵਾਦ ਕੀਤਾ। ਸਟੇਜ ਸਕੱਤਰ ਦੀ ਸੇਵਾ ਗੁਰਮੇਲ ਸਿੰਘ ਮੂੰਡੀਆਂ ਨੇ ਨਿਭਾਈ। ਇਸ ਮੌਕੇ ਤੇ ਹੋਰਨ੍ਹਾਂ ਤੋਂ ਇਲਾਵਾ ਅਕਾਸ਼ਬਾਣੀ ਜਲੰਧਰ ਦੇ ਪ੍ਰੋਡਿਊਸਰ ਗੁਰਵਿੰਦਰ ਸਿੰਘ ਅਤੇ ਮੈਡਮ ਪ੍ਰਭਜੋਤ ਕੌਰ, ਸ਼੍ਰੋਮਣੀ ਅਕਾਲੀ ਦਲ ਸ਼ਾਮਚੁਰਾਸੀ ਦੇ ਹਲਕਾ ਇੰਚਾਰਜ ਸੰਦੀਪ ਸਿੰਘ ਸੀਕਰੀ, ਬੀ ਐਸ ਪੀ ਦੇ ਸੀਨੀਅਰ ਆਗੂ ਮਹਿੰਦਰ ਸਿੰਘ ਸੰਧਰ, ਸਮਾਜ ਸੇਵਕ ਸੁਰਮੀਤ ਸਿੱਧੂ, ਸ਼ਾਇਰ ਮਾਸਟਰ ਕੁਲਵਿੰਦਰ ਸਿੰਘ ਜੰਡਾ, ਹਰਜਿੰਦਰ ਸਿੰਘ ਅਧਿਕਾਰਾ, ਜਥੇ. ਬਲਵੰਤ ਸਿੰਘ ਬਰਿਆਲ, ਪੱਪੂ ਧਾਮੀ, ਜਸਵੀਰ ਸਿੰਘ ਚੱਕਰਾਜੂ ਸਿੰਘ, ਬੀਬੀ ਬਲਵੀਰ ਕੌਰ ਭੁੱਲਰ, ਸਰਪੰਚ ਰਮਨਦੀਪ ਕੌਰ ਹਾਜੀਪੁਰ, ਪ੍ਰਿੰ. ਮਹਿੰਗਾ ਸਿੰਘ ਬੁੱਲ੍ਹੋਵਾਲ, ਜੱਸਾ ਫੰਬੀਆਂ, ਆਦਿਤਿਆ ਹਾਂਡਾ, ਚਨਜੀਤ ਸਿੰਘ ਰੂਬੀ ਤਾਜਪੁਰ, ਜਗਜੀਤ ਕੌਰ ਤਾਜਪੁਰ, ਅਮਰੀਕ ਸਿੰਘ ਭਾਗੋਵਾਲ, ਇੰਦਰਜੀਤ ਸਿੰਘ ਬੀਰਮਪੁਰ, ਦਰਸ਼ਕ ਸਰੋਤਾ ਸੰਘ ਦੇ ਸਰਪ੍ਰਸਤ ਜਗਦੀਸ਼ ਪਾਲ ਮਹਿਤਾ, ਜਨਰਲ ਸਕੱਤਰ ਅਵਤਾਰ ਸਿੰਘ ਬੱਸੀਆਂ, ਸੀਨੀਅਰ ਮੀਤ ਪ੍ਰਧਾਨ ਮੋਹਣ ਲਾਲ ਅਰੋੜਾ, ਮੀਤ ਪ੍ਰਧਾਨ ਕੁਲਦੀਪ ਸਿੰਘ ਚੌਹਾਨ, ਉੱਪ ਪ੍ਰਧਾਨ ਸੰਤੋਖ ਸਿੰਘ ਮਿਸਤਰੀ, ਪ੍ਰੇਮ ਲੋਹਟ ਉੱਪ ਪ੍ਰਧਾਨ, ਕੁਲਦੀਪ ਸਿੰਘ ਢੱਡੇ, ਸੋਹਣ ਸਿੰਘ ਨਰਵਾਲ,ਨਸੀਬ ਚੰਦ ਜੱਸੀ, ਬਲਵੀਰ ਸਿੰਘ ਆਹਰਾਂ ਨੰਬਰਦਾਰ, ਜਗਤਾਰ ਸਿੰਘ ਲਲਤੋ ਕਲਾਂ, ਜਤਿੰਦਰ ਭਾਸਕਰ ਉੱਪ ਪ੍ਰਧਾਨ ਵੀ ਸ਼ਾਮਿਲ ਹੋਏ।

# ਆਪੋ ਆਪਣਾ ਸੁਭਾਅ

ਬੰਸੀ ਮਾਪਿਆਂ ਦਾ ਤਿੰਨਾਂ ਪੁੱਤਾਂ ਵਿੱਚੋਂ ਸਾਰਿਆਂ ਤੋਂ ਛੋਟਾ ਮੁੰਡਾ ਸੀ। ਗਰੀਬ ਜਿਹਾ ਪਰਿਵਾਰ ਸੀ। ਵੱਡੇ ਦੋਵੇਂ ਮੁੰਡੇ ਵਿਆਹੇ ਹੋਏ ਸਨ ਉਹ ਉਂਝ ਤਾਂ ਅੱਡ ਨਹੀਂ ਹੋਏ ਸਨ ਪਰ ਮਜਬੂਰੀਆਂ ਕਰਕੇ ਜਿੱਥੇ ਜਿੱਥੇ ਉਹਨਾਂ ਨੂੰ ਮਾੜਾ ਮੋਟਾ ਵਧੀਆ ਕੰਮ ਮਿਲ਼ ਗਿਆ ਉੱਥੇ ਆਪਣੇ ਨਾਲ਼ ਆਪਣੇ ਟੱਬਰਾਂ ਨੂੰ ਰੱਖ ਲਿਆ। ਬੰਸੀ ਨੇ ਵੀ ਦਸ ਜਮਾਤਾਂ ਮਸਾਂ ਨਕਲ ਨੁਕਲ ਮਾਰ ਕੇ ਪਾਸ ਕੀਤੀਆਂ ਸਨ। ਪਹਿਲਾਂ ਪਹਿਲਾਂ ਤਾਂ ਛੋਟੀ ਮੋਟੀ ਨੌਕਰੀ ਤੇ ਲਵਾਉਣ ਲਈ ਉਸ ਦੀ ਮਾਂ ਕਿਤੇ ਨਾ ਕਿਤੇ ਕਿਸੇ ਕੋਲ ਮਿੰਨਤਾਂ ਤਰਲੇ ਕਰਦੀ ਰਹੀ।ਪਰ ਫਿਰ ਇਸ ਨੇ ਘਰਾਂ ਨੂੰ ਰੰਗ ਰੋਗਨ ਕਰਨ ਦਾ ਕੰਮ ਸਿੱਖ ਲਿਆ। ਕਈ ਵਾਰ ਕਿਤੇ ਦੂਜੇ ਸ਼ਹਿਰ ਕਿਸੇ ਕੋਠੀ ਦਾ ਠੇਕਾ ਮਿਲ਼ ਜਾਂਦਾ ਤਾਂ ਉਹ ਕਈ ਕਈ ਦਿਨ ਘਰ ਨਾ ਆਉਂਦਾ। ਮਿਹਨਤੀ ਹੋਣ ਕਰਕੇ ਉਸ ਨਾਲ਼ ਕੰਮ ਕਰਦੇ ਮੁੰਡੇ ਨੇ ਉਸ ਨੂੰ ਆਪਣੀ ਸਾਲ਼ੀ ਦਾ ਰਿਸ਼ਤਾ ਕਰਵਾ ਦਿੱਤਾ। ਬੰਸੀ ਦਾ ਵਿਆਹ ਹੋ ਗਿਆ। ਉਸ ਨੇ ਵੀ ਆਪਣੀ ਘਰਵਾਲ਼ੀ ਨਾਲ਼ ਪਿੰਡ ਛੱਡ ਕੇ ਸ਼ਹਿਰ ਵਿੱਚ ਰਹਿਣਾ ਸ਼ੁਰੂ ਕਰ ਦਿੱਤਾ। ਪਹਿਲਾਂ ਪਹਿਲ ਤਾਂ ਕਮਰਾ ਕਿਰਾਏ ਤੇ ਲੈਕੇ ਰਹਿੰਦੇ ਰਹੇ ਫਿਰ ਹੌਲ਼ੀ ਹੌਲ਼ੀ ਛੋਟਾ ਜਿਹਾ ਪਲਾਟ ਲੈ ਲਿਆ ਤੇ ਫਿਰ ਦੋ ਕਮਰੇ ਛੱਤ ਕੇ ਆਪਣਾ ਘਰ ਬਣਾ ਲਿਆ ਸੀ। ਇਹ ਸਭ ਬੰਸੀ ਦੀ ਮਿਹਨਤ ਸਦਕਾ ਹੀ ਸੰਭਵ ਹੋ ਸਕਿਆ ਸੀ।

ਬੰਸੀ ਦੇ ਵਿਆਹ ਨੂੰ ਛੇ ਵਰ੍ਹੇ ਹੋ ਗਏ ਸਨ।ਸੁੱਖ ਨਾਲ ਹੁਣ ਤਾਂ ਉਸ ਦੇ ਦੋ ਨਿਆਣੇ ਵੀ ਹੋ ਗਏ ਸਨ। ਪਰ ਉਸ ਦੀ ਪਤਨੀ ਦੇ ਸੁਭਾਅ ਵਿੱਚ ਜਮ੍ਹਾਂ ਫ਼ਰਕ ਨਹੀਂ ਆਇਆ ਸੀ। ਉਹ ਨਿੱਕੀ ਨਿੱਕੀ ਗੱਲ ਤੇ ਲੜ ਕੇ ਪੇਕੇ ਚਲੀ ਜਾਂਦੀ। ਅੱਠ ਦਸ ਦਿਨਾਂ ਬਾਅਦ ਬੰਸੀ ਉਸ ਨੂੰ ਮਨਾ ਕੇ ਲੈ ਆਉਂਦਾ। ਉਸ ਦੇ ਪੇਕੇ ਵੀ ਉਸ ਨੂੰ ਬਥੇਰਾ ਸਮਝਾਉਂਦੇ ਸਨ ਕਿ ਐਵੇਂ ਛੋਟੀ ਛੋਟੀ ਗੱਲ ਤੇ ਘਰ ਵਿੱਚ ਕਲੇਸ਼ ਨਾ ਕਰਿਆ ਕਰੇ।ਪਰ ਉਸ ਦਾ ਤਾਂ ਸੁਭਾਅ ਹੀ ਬਣ ਗਿਆ ਸੀ। ਉਹ ਬੰਸੀ ਨੂੰ ਹਰ ਵੇਲੇ ਤਾਹਨੇ ਮਿਹਣੇ ਮਾਰਦੀ ਰਹਿੰਦੀ ਸੀ ਕਿ ਉਹ ਉਸ ਨੂੰ ਕਿਤੇ ਘੁੰਮਾਉਣ ਨਹੀਂ ਲੈ ਕੇ ਜਾਂਦਾ। ਉਸ ਨਾਲ਼ ਲੜ ਕੇ ਉਸ ਨੂੰ ਕੁਛ ਖਾ ਕੇ ਮਰਨ ਦੀਆਂ ਧਮਕੀਆਂ ਦਿੰਦੀ ਰਹਿੰਦੀ। ਬੰਸੀ ਦਾ ਕੰਮ ਹੱਥੀਂ ਮਿਹਨਤ ਕਰਨ ਵਾਲ਼ਾ ਸੀ। ਜੇ ਉਹ ਵਧੀਆ ਕੰਮ ਕਰਦਾ ਸੀ ਤਾਂ ਚਾਰ ਪੈਸੇ ਵੱਧ ਕਮਾਈ ਹੋ ਜਾਂਦੀ ਸੀ। ਨਹੀਂ ਤਾਂ ਬੰਸੀ ਨਾਲ਼ ਦੇ ਹੋਰ ਬਥੇਰੇ ਮੁੰਡੇ ਸਨ ਜਿਨ੍ਹਾਂ ਦੇ ਘਰ ਹਜੇ ਤੱਕ ਭੰਗ ਭੁੱਜਦੀ ਸੀ। ਉਹਨਾਂ ਲਈ ਆਪਣਾ ਘਰ ਬਣਾਉਣਾ ਤਾਂ ਦੂਰ ਦੀ ਗੱਲ ਸੀ ਕਿਉਂਕਿ ਉਹਨਾਂ ਤੋਂ ਤਾਂ ਚੜ੍ਹੇ ਮਹੀਨੇ ਘਰ ਦਾ ਕਿਰਾਇਆ ਨਹੀਂ ਦਿੱਤਾ ਜਾਂਦਾ ਸੀ।

ਬੰਸੀ ਨੇ ਆਪਣੀ ਪਤਨੀ ਨੂੰ ਬਥੇਰਾ ਪਿਆਰ ਨਾਲ ਸਮਝਾਉਂਦੇ ਹੋਏ ਆਖਣਾ,"ਦੇਖ ਪ੍ਰੀਤੋ..... ਆਪਾਂ ਮਿਹਨਤ ਮਜ਼ਦੂਰੀ ਵਾਲ਼ੇ ਬੰਦੇ ਆਂ..... ਤੂੰ ਰੱਬ ਦਾ ਸ਼ੁਕਰ ਮਨਾਇਆ ਕਰ ਕਿ ਆਪਾਂ ਨੇ ਸ਼ਹਿਰ ਵਿੱਚ ਰਹਿ ਕੇ ਆਪਣਾ ਸਿਰ ਢਕਣ ਨੂੰ ਛੱਤ ਬਣਾ ਲਈ..... ਫੇਰ ਸੁੱਖ ਨਾਲ ਦਾਤੇ ਦੀ ਕਿਰਪਾ ਨਾਲ ਆਪਾਂ ਬਹੁਤਿਆਂ ਤੋਂ ਵਧੀਆ ਖਾਂਦੇ - ਹੰਢਾਉਂਦੇ ਆਂ..... ਹੋਰ ਦੱਸ ਆਪਾਂ ਨੂੰ ਹੋਰ ਕੀ ਚਾਹੀਦਾ..... ਨਾਲ਼ੇ ਜੇ ਮੈਂ ਘੁੰਮਣ ਘੁਮਾਉਣ ਵਾਲੇ ਚੱਕਰਾਂ ਵਿੱਚ ਪੈ ਗਿਆ..... ਤੇ ਇੱਕ ਛੁੱਟੀ ਕਰਲੀ ਤਾਂ..... ਗਾਹਾਂ ਵਾਲੇ ਬੰਦੇ ਮੇਰੇ ਵਰਗੇ ਦਿਹਾੜੀਦਾਰ ਨੂੰ ਕੰਮ ਤੋਂ ਜਵਾਬ ਦੇ ਕੇ ਕੋਈ ਹੋਰ ਲਾ ਲੈਂਦੇ ਆ..... ਨਾਲ਼ੇ ਬੰਦੇ ਦੀ ਮਾਰਕੀਟ ਵਿੱਚ ਪੜਤ ਮਾੜੀ ਬਣ ਜਾਂਦੀ ਆ..... ਗਾਹਾਂ ਤੋਂ ਕੋਈ ਕੰਮ ਦੇਣ ਨੂੰ ਤਿਆਰ ਨੀ ਹੁੰਦਾ..... ਕੰਮ ਤੋਂ ਆ ਕੇ ਊਂ ਟੈਮ ਨੀ ਰਹਿੰਦਾ..... (ਥੋੜ੍ਹਾ ਸੋਚ ਕੇ) .....

ਨਾਲ਼ੇ ਸਾਰੀ ਦਿਹਾੜੀ ਰੰਗ ਕਰਦੇ ਦੀਆਂ ਬਾਹਵਾਂ ਰਹਿ ਜਾਂਦੀਆਂ ਨੇ..... ਮਸਾਂ ਰਾਤ ਨੂੰ ਰੋਟੀ ਖਾ ਕੇ ਸੌਣ ਨੂੰ ਮੰਜਾ ਮਿਲਦਾ.....!"

ਬਥੇਰੀ ਵਾਰ ਬੰਸੀ ਉਸ ਨੂੰ ਇਸ ਤਰ੍ਹਾਂ ਪਿਆਰ ਨਾਲ ਸਮਝਾਉਂਦਾ..... ਜਿੰਨਾ ਉਹ ਉਸ ਨੂੰ ਤੰਗ ਕਰਦੀ ਸੀ.... ਭਾਵੇਂ ਬੰਸੀ ਨਿੱਤ ਕੁੱਟ ਕੁਟਾਪਾ ਕਰਦਾ। ਸ਼ਾਇਦ ਉਹ ਬੰਸੀ ਦੀ ਸ਼ਰਾਫ਼ਤ ਦਾ ਫਾਇਦਾ ਚੁੱਕਦੀ ਸੀ।

ਹਜੇ ਮਹੀਨਾ ਕੁ ਪਹਿਲਾਂ ਹੀ ਬੰਸੀ ਪ੍ਰੀਤੋ ਨੂੰ ਸਮਝਾ ਕੇ ਉਸ ਨੂੰ ਪੇਕਿਆਂ ਤੋਂ ਲਿਆਇਆ ਸੀ। ਉਸ ਨੇ ਆਪਣੇ ਸੱਸ ਸਹੁਰੇ ਸਾਹਮਣੇ ਵੀ ਕਿਹਾ ਸੀ," ਪ੍ਰੀਤੋ..... ਹੁਣ ਤਾਂ ਤੂੰ ਜਵਾਕਾਂ ਨੂੰ ਲੈ ਕੇ ਪੇਕੀਂ ਬੈਠੀ ਰਹਿੰਨੀ ਐਂ..... ਕੱਲ੍ਹ ਨੂੰ ਜਵਾਕਾਂ ਨੂੰ ਆਪਾਂ ਨੇ ਸਕੂਲ ਪੜ੍ਹਨ ਲਾਉਣਾ..... ਐਦਾਂ ਤਾਂ ਉਹਨਾਂ ਦੀ ਪੜ੍ਹਾਈ ਖ਼ਰਾਬ ਹੋ ਜਾਊ..... ਨਾਲ਼ੇ ਕੱਲ੍ਹ ਨੂੰ ਜਦ ਤੇਰੇ ਭਾਈ ਦਾ ਵਿਆਹ ਹੋ ਗਿਆ..... ਤਾਂ ਵੀ ਤੂੰ ਐਥੇ ਬੈਠੀ ਰਹੇਂਗੀ....?" ਬੰਸੀ ਦੀ ਸੱਸ ਨੇ ਵੀ ਕਿਹਾ ਸੀ," ਕੁੜੀਏ! ਬੰਸੀ ਪੁੱਤ..... ਤੈਨੂੰ ਬਿਲਕੁਲ ਸਹੀ ਗੱਲ ਕਹਿੰਦਾ..... ਆਪਣੇ ਘਰ ਰਹੀਦਾ ਰਲ਼ ਮਿਲ਼ ਕੇ.....!"

ਇੱਕ ਸ਼ਾਮ ਨੂੰ ਬੰਸੀ ਜਿਵੇਂ ਈ ਕੰਮ ਤੋਂ ਆਇਆ ਤਾਂ ਪ੍ਰੀਤੋ ਨੇ ਫ਼ਿਲਮ ਵਿਖਾ ਕੇ ਲਿਆਉਣ ਦੀ ਜ਼ਿੱਦ ਫੜ ਲਈ। ਬੰਸੀ ਉਸ ਦੀ ਜ਼ਿੱਦ ਅੱਗੇ ਮੰਨ ਗਿਆ ਤੇ ਆਖਣ ਲੱਗਾ,"ਇਸ ਵੇਲੇ ਤਾਂ ਮੈਂ ਬਹੁਤ ਥੱਕਿਆ ਹੋਇਆ ਹਾਂ.....,ਕੱਲ੍ਹ ਨੂੰ ਛੁੱਟੀ ਕਰਕੇ ਦਿਖਾ ਲਿਆਵਾਂਗਾ....।" ਅਗਲੀ ਸਵੇਰ ਤੜਕੇ ਹੀ ਉਸ ਨੂੰ ਉਸ ਦੇ ਠੇਕੇਦਾਰ ਦਾ ਫੋਨ ਆ ਗਿਆ ਕਿ ਥੋੜ੍ਹਾ ਜਲਦੀ ਕੰਮ ਤੇ ਆ ਜਾਵੇ। ਉਸ ਨੇ ਪ੍ਰੀਤੋ ਨੂੰ ਫੇਰ ਕਿਸੇ ਦਿਨ ਜਾਣ ਦੀ ਗੱਲ ਆਖ ਦਿੱਤੀ। ਬੱਸ ਫੇਰ ਕੀ ਸੀ ਉਸ ਨੇ ਤਾਂ ਘਰ ਵਿੱਚ ਕਲੇਸ਼ ਕਰਕੇ ਪਿੱਟ ਸਿਆਪਾ ਪਾ ਲਿਆ। ਬੰਸੀ ਓਵੇਂ ਭੁੱਖਾ ਭਾਣਾ ਕੰਮ ਤੇ ਜਾਣ ਲਈ ਵਿਹੜੇ ਵਿੱਚ ਖੜ੍ਹਾ ਮੋਟਰਸਾਈਕਲ ਕੱਢਣ ਲੱਗਿਆ ਤਾਂ ਉਸ ਨੂੰ ਹਮੇਸ਼ਾ ਦੀ ਤਰ੍ਹਾਂ ਡਰਾਵਾ ਦੇਣ ਲੱਗੀ," ਤੂੰ ਜਾਹ ਧੱਕੇ ਖਾਹ..... ਬਾਹਰ.....ਮੈਂ ਕੁਛ ਖਾ ਕੇ ਮਰ ਜਾਣਾ..... ।" ਬੰਸੀ ਦੇ ਦਿਮਾਗ਼ ਤੇ ਇੱਕ ਤਾਂ ਕੰਮ ਤੇ ਜਲਦੀ ਜਾਣ ਦਾ ਬੋਝ,ਦੂਜਾ ਪ੍ਰੀਤੋ ਦੇ ਕਲੇਸ਼ ਦਾ ਬੋਝ ਤੇ ਤੀਜਾ ਜਮ੍ਹਾਂ ਈ ਖਾਲੀ ਢਿੱਡ ਘਰੋਂ ਕੰਮ ਤੇ ਜਾਣ ਕਰਕੇ ਉਹ ਵੀ ਖਿਝ ਕੇ ਬੋਲਿਆ," ਜਾਹ ਤੂੰ ਜੋ ਕਰਨਾ ਕਰ ਲੈ..... ਅੱਗੇ ਵੀ ਆਪਣੀਆਂ ਮਰਜ਼ੀਆਂ ਈ ਕਰਦੀ ਐਂ.....।" ਕਹਿ ਕੇ ਮੋਟਰਸਾਈਕਲ ਸਟਾਰਟ ਕਰ ਕੇ ਚਲਿਆ ਗਿਆ।

ਦਸ ਕੁ ਵਜੇ ਬੰਸੀ ਦੇ ਫ਼ੋਨ ਦੀ ਘੰਟੀ ਵੱਜੀ..... ਉਸ ਨੇ ਦੇਖਿਆ ਉਹਨਾਂ ਦੀ ਗੁਆਂਢਣ ਦਾ ਫ਼ੋਨ ਸੀ.... ਫ਼ੋਨ ਚੱਕਦੇ ਸਾਰ ਗੁਆਂਢਣ ਬੋਲੀ," ਵੇ ਬੰਸੀ..... ਛੇਤੀ ਛੇਤੀ ਘਰ ਨੂੰ ਆ ਜਾ ..... ਪ੍ਰੀਤੋ ਨੇ ਫਿਨੈਲ ਪੀ ਲੀ.....।" ਬੰਸੀ ਉਹਨੀਂ ਪੈਰੀਂ ਫਟਾਫਟ ਕੰਮ ਵਾਲ਼ੇ ਲਿੱਬੜੇ-ਤਿੱਬੜੇ ਕੱਪੜਿਆਂ ਵਿੱਚ ਹੀ ਠੇਕੇਦਾਰ ਨੂੰ ਦੱਸ ਕੇ ਘਰ ਲਈ ਨਿਕਲਿਆ। ਸਾਰਾ ਵਿਹੜਾ ਉਲਟੀਆਂ ਨਾਲ਼ ਭਰਿਆ ਪਿਆ ਸੀ।ਫਟਾਫਟ ਗੁਆਂਢੀਆਂ ਦੀ ਗੱਡੀ ਵਿੱਚ ਪਾ ਕੇ ਹਸਪਤਾਲ ਲੈ ਕੇ ਗਿਆ ਤਾਂ ਹਸਪਤਾਲ ਵਾਲਿਆਂ ਨੇ ਪਹਿਲਾਂ ਪੁਲਿਸ ਨੂੰ ਸੂਚਿਤ ਕੀਤਾ ਤੇ ਫੇਰ ਉਸ ਨੂੰ ਦਾਖ਼ਲ ਕੀਤਾ। ਪੁਲਿਸ ਬੰਸੀ ਨੂੰ ਉਵੇਂ ਲਿੱਬੜੇ ਤਿੱਬੜੇ ਤੇ ਘਬਰਾਏ ਹੋਏ ਤੇ ਭੁੱਖੇ ਭਾਣੇ ਨੂੰ ਫੜ ਕੇ ਲੈ ਗਈ। ਐਨੇ ਵਿੱਚ ਪ੍ਰੀਤੋ ਦੀ ਮੌਤ ਹੋ ਗਈ। ਉਸ ਦੇ ਪੇਕੇ ਵੀ ਆ ਗਏ।

ਠਾਣੇਦਾਰ ਬੰਸੀ ਤੋਂ ਕੇਸ ਦੀ ਤਹਿਕੀਕਾਤ ਕਰਨ ਲੱਗਿਆ ਤਾਂ ਬੰਸੀ ਨੇ ਸੱਚੀ ਗੱਲ ਦੱਸਦਿਆਂ ਕਿਹਾ," ਸਾਬ੍ਹ ਜੀ..... ਮੈਂ ਦਿਹਾੜੀ ਭੰਨ ਕੇ ਜੇ ਉਸ ਨੂੰ ਦੂਜੇ ਚੌਥੇ ਦਿਨ ਘੁੰਮਾਉਣ ਲੈ ਕੇ ਜਾਂਦਾ ਤਾਂ ਕਮਾਈ ਘਟ ਜਾਣੀ ਸੀ..... ਫਿਰ ਘਰ ਦਾ ਗੁਜ਼ਾਰਾ ਔਖਾ ਹੋਣਾ ਸੀ..... ਫੇਰ ਇਹਨੇ ਘਰ ਦੀ ਆਰਥਿਕ ਤੰਗੀ ਤੋਂ ਤੰਗ ਹੋ ਕੇ ਖੁਦਕੁਸ਼ੀ ਕਰਨੀ ਸੀ.... ਦਿਨ ਤਿਹਾਰ ਵਾਲ਼ੇ ਦਿਨ ਜਵਾਕਾਂ ਨੂੰ ਲਿਜਾ ਕੇ ਘੁੰਮ ਆਉਂਦੇ ਸੀ..... ਇਹਦਾ ਤਾਂ ਰੋਜ਼ ਦਾ ਐਸੇ ਗੱਲ ਪਿੱਛੇ ਕਲੇਸ਼ ਰਹਿੰਦਾ ਸੀ.....!" ਠਾਣੇਦਾਰ ਨੇ ਵੀ ਉਸ ਉੱਤੇ ਕੋਈ ਸਖ਼ਤਾਈ ਨਾ ਵਰਤਦਿਆਂ ਗੱਲ ਧਿਆਨ ਨਾਲ ਸੁਣੀ। ਪਰ ਪ੍ਰੀਤੋ ਦੇ ਪੇਕਿਆਂ ਦੇ ਬਿਆਨਾਂ ਦੇ ਆਧਾਰ ਤੇ ਉਸ ਨੇ ਕਾਰਵਾਈ ਤਾਂ ਕਰਨੀ ਹੀ ਕਰਨੀ ਸੀ। ਉਹਨਾਂ ਨੂੰ ਠਾਣੇ ਬੁਲਾਇਆ ਗਿਆ। ਉਸ ਦੇ ਪੇਕੇ ਪਰਿਵਾਰ ਨੇ ਸਾਫ਼ ਸਾਫ਼ ਕਹਿ ਦਿੱਤਾ," ਠਾਣੇਦਾਰ ਸਾਹਬ ਅਸੀਂ ਵੀ ਰੱਬ ਨੂੰ ਜਾਨ ਦੇਣੀ ਆ..... ਸਾਡੀ ਧੀ ਮਰਨ ਦਾ ਸਾਨੂੰ ਬਹੁਤ ਦੁੱਖ਼ ਹੈ.....ਪਰ ਅਸੀਂ ਗ਼ਰੀਬ ਮਾਰ ਵੀ ਨਹੀਂ ਕਰ ਸਕਦੇ ..... ਇਹਨੇ ਹੁਣ ਤੱਕ ਕਮਾਈ ਵੀ ਤਾਂ ਉਸੇ ਕਰਕੇ ਹੀ ਕੀਤੀ ਹੈ..... ਸਾਰੀ ਕਮਾਈ ਉਹਦੇ ਨਾਂ ਦੇ ਖਾਤੇ ਵਿੱਚ ਜਮ੍ਹਾਂ ਕਰਦਾ ਰਿਹਾ ਹੁਣ ਤੱਕ.....।" ਠਾਣੇਦਾਰ ਨੇ ਸੁਣਦੇ ਸਾਰ ਬੰਸੀ ਨੂੰ ਛੱਡ ਦਿੱਤਾ ਤੇ ਕੋਈ ਕੇਸ ਨਾ ਪਾਇਆ।

ਪ੍ਰੀਤੋ ਮਰੀ ਨੂੰ ਮਹੀਨਾ ਹੋ ਗਿਆ ਸੀ। ਪ੍ਰੀਤੋ ਦੀ ਮਾਂ ਕੁਝ ਦਿਨਾਂ ਲਈ ਬੱਚਿਆਂ ਨੂੰ ਆਪਣੇ ਕੋਲ ਲੈ ਗਈ ਤੇ ਕੁਝ ਦਿਨ ਜਵਾਈ ਦੇ ਘਰ ਰਹਿ ਕੇ ਉਸ ਦਾ ਔਖਾ ਸਮਾਂ ਕਢਵਾ ਕੇ ਗਈ। ਇੱਕ ਦਿਨ ਬੰਸੀ ਦੇ ਸਹੁਰਿਆਂ ਨੇ ਉਸ ਨੂੰ ਬੁਲਾਇਆ ਤੇ ਝਿਜਕਦਿਆਂ ਝਿਜਕਦਿਆਂ ਨੇ ਆਖਿਆ," ਅਸੀਂ ਆਪਣੀ ਛੋਟੀ ਧੀ ਜੀਤ ਦਾ ਰਿਸ਼ਤਾ ਤੈਨੂੰ ਕਰਨਾ ਚਾਹੁੰਦੇ ਹਾਂ..... ਉਮਰ ਦਾ ਚਾਹੇ ਥੋਡਾ ਦਸ ਸਾਲ ਦਾ ਫ਼ਰਕ ਹੈ..... ਪਰ ਜਵਾਕਾਂ ਨੂੰ ਮਾਂ ਵਾਲਾ ਪਿਆਰ ਦੇਣ ਲਈ ਮਾਸੀ ਮਿਲ਼ ਜਾਵੇਗੀ .... ਉਹ ਚੰਦਰੀ ਤੋਂ ਸਭ ਕੁਝ ਨਹੀਂ ਸਾਂਭਿਆ ਗਿਆ.....ਇਹ ਤਾਂ ਓਹਦੀ ਮੂਰਖਤਾਈ ਸੀ..... ਤੇਰੇ ਵੱਲੋਂ ਸਾਨੂੰ ਕੋਈ ਗਿਲਾ ਨਹੀਂ.....!"

"ਪਰ ..... ਤੁਸੀਂ ਜੀਤ ਨਾਲ਼ ਧੱਕਾ ਕਿਉਂ ਕਰ ਰਹੇ ਹੋ....?" ਬੰਸੀ ਬੋਲਿਆ।

"ਨਾ ਪੁੱਤ..... ਅਸੀਂ ਧੱਕਾ ਨੀ ਕਰਦੇ..... ਸਾਨੂੰ ਜੀਤ ਨੇ ਆਪ ਕਿਹਾ..... ਉਹ ਕਹਿੰਦੀ ਆ ਕਿ ਉਹਦੀ ਖ਼ਾਤਰ ਐਧਰ ਓਧਰ ਮੁੰਡੇ ਦੇਖਣੇ ਬੰਦ ਕਰ ਦਿਓ..... ।" ਕਹਿੰਦੇ ਕਹਿੰਦੇ ਚੁੱਪ ਕਰ ਗਏ।

ਬੰਸੀ ਸਮਝ ਗਿਆ ਸੀ। ਉਸ ਨੇ ਵੀ ਹਾਂ ਕਰ ਦਿੱਤੀ .... !

ਜੀਤ ਨੂੰ ਬੰਸੀ ਦੇ ਘਰ ਆਈ ਨੂੰ ਪੂਰੇ ਪੰਜ ਸਾਲ ਹੋ ਗਏ ਸਨ ਦੋ ਬੱਚੇ ਪ੍ਰੀਤੋ ਦੇ ਅਤੇ ਇੱਕ ਇਸ ਦੀ ਆਪਣੀ ਧੀ ਜੋ ਤਿੰਨ ਸਾਲਾਂ ਦੀ ਹੋ ਗਈ ਸੀ.... ਬਹੁਤ ਖੁਸ਼ਹਾਲ ਪਰਿਵਾਰ ਬਣ ਗਿਆ ਸੀ। ਬੰਸੀ ਵੀ ਹੁਣ ਰੰਗ ਰੋਗਨ ਦੇ ਵੱਡੇ ਵੱਡੇ ਠੇਕੇ ਲੈਣ ਲੱਗ ਗਿਆ ਸੀ।ਉਹ ਵੀ ਠੇਕੇਦਾਰ ਬਣ ਗਿਆ ਸੀ,ਘਰ ਤੋਂ ਕੋਠੀ ਬਣ ਗਈ ਸੀ.... ਮੋਟਰਸਾਈਕਲ ਦੀ ਜਗ੍ਹਾ ਕਾਰ ਵਿਹੜੇ ਵਿੱਚ ਖੜ੍ਹੀ ਸੀ ਇਹ ਸਭ ਤਾਂ ਹੀ ਸੰਭਵ ਹੋਇਆ ਸੀ ਕਿਉਂਕਿ ਪ੍ਰੀਤੋ ਦੀ ਜਗ੍ਹਾ ਜੀਤ ਸੀ। ਜਿਸ ਦਾ ਸੁਭਾਅ ਪ੍ਰੀਤੋ ਤੋਂ ਜਮ੍ਹਾਂ ਉਲਟ ਸੀ। ਇਹ ਹਰ ਵੇਲੇ ਆਪ ਵੀ ਜਵਾਕਾਂ ਨਾਲ ਖੁਸ਼ ਰਹਿੰਦੀ ਤੇ ਬੰਸੀ ਨੂੰ ਵੀ ਜਮ੍ਹਾਂ ਪ੍ਰੇਸ਼ਾਨ ਨਾ ਕਰਦੀ। ਐਨੇ ਖੁਸ਼ਹਾਲ ਪਰਿਵਾਰ ਵਿੱਚ ਬੰਸੀ ਤੇ ਜੀਤ ਦੀ ਉਮਰ ਵਿਚਲਾ ਅੰਤਰ ਵੀ ਢਕਿਆ ਗਿਆ ਸੀ। ਜੀਤ ਨੇ ਸਾਬਤ ਕਰ ਦਿੱਤਾ ਸੀ ਕਿ ਆਪਣੇ ਢੰਗ ਨਾਲ ਜ਼ਿੰਦਗੀ ਨੂੰ ਨਰਕ ਜਾਂ ਸਵਰਗ ਬਣਾਉਣਾ ਇਨਸਾਨ ਦੇ ਆਪਣੇ ਹੱਥ ਹੈ ਕਿਉਂਕਿ ਇਹ ਸਭ ਆਪੋ ਆਪਣੇ ਸੁਭਾਅ ਦੇ ਉੱਤੇ ਹੀ ਨਿਰਭਰ ਕਰਦਾ ਹੈ।

**ਬਰਜਿੰਦਰ ਕੌਰ ਬਿਸਰਾਓ...**
**9988901324**

THE ASIAN INDEPENDENT
UNITED KINGDOM

# Asoka Vijayadashmi at Nagpur

## How a cultural revolution by Dr Ambedkar changed lives of millions of Dalits in India

**THE ASIAN INDEPENDENT UK** – The biggest non violent changes in the history of Independent India came through a cultural revolution unleashed in Nagpur on October 14th, 1956 when millions of India's Dalits, formerly known as untouchables, embraced the eight fold path of Lord Buddha, under the guidance of Dr Baba Saheb Ambedkar, chief architect of India's constitution. Over 400000 followers of Dr Ambedkar took #Deeksha and celebrations were not merely for a single day but continued for many days in Nagpur as well as Chandrapur. The place where Dr Ambedkar gave people #Deeksha in Buddhism is now known as Deekshabhumi at Nagpur. While as per the English calender day, it was October 14th, 1956 but it was the day of Dussera or what is known as Vijayadashmi which is celebrated all over India as mark of Lord Rama's victory over Ravana but Dr Ambedkar redefined the entire event as per Buddhist narrative and accordingly, it is known as Asoka Vijayadashmi or Dhammachakrapravartan Day. Basically, Dr Ambedkar actually defined Buddhism as not only a way of life which was humanist and rational but also kind of 'liberation philosophy' for millions of those who were victims of the discriminatory caste system. He termed it as Navayana, or a new path starkly different than the other forms of Buddhism which focusses more on rituals and mysticism. Every years, millions of people visit to Deekshabhumi from different parts of the country but predominantly from Maharashtra and the celebrations actually continue for several days. #Deekshabhumi reflect the idea of a democratic cultural revolution Ironically, #Nagpur outside is projected as the place where #RSS was born but a fact we must understand that at least during the #dhammachakrapravartandin or what is also known as Ashokavijayadashmi day, the Buddhist traditions in #Nagpur outshine over any other festivities. I have been to Nagpur during this period many times and felt immense proud in the celebrations.

India's casteist as well as capitalist media in Delhi focus more on the event and speeches of the RSS chief, the patron of the ruling Bhartiya Janata Party, who celebrate Vijayadashmi every year in Nagpur to mark the birth of their organisation. They worship arms and speak about their idea of India. Obviously, such an exclusive idea where the brahmanical dominance would keep people subjugated is unacceptable but coincidently it is the same Nagpur, where Dr Ambedkar actually brought a much bigger revolution in Dhamma but the focus of Indian media is more on RSS programme which never has the kind of presence, not even one tenth of what we see at the Deekshabhumi. The media does not report about Deekshabhumi event because it is the very antithesis of the brahmanical value system.

Vidya Bhushan Rawat

Baba Saheb Ambedkar that way is the propagator of the #Dhammakranti in India but India's #Manustream media has no time for it as it wait to listen to the brahmanical sermons of the Sangh parivar, the very antithesis of #Ambedkarism. Speaking about the criminality of Indian media not reporting the massive public presence to pay tribute to Baba Saheb Ambedkar at the Deekshabhumi, eminent Ambedkarite, author and thinker Mr Ujjwal Uke says, ' Yesterday I was reading in Loksatta about 6 melas on Dussehra. RSS, both Shiv Sena's, Pankaja Munde's, Jarange Patil's and last they mentioned Dhammachakra sammelan.

The last one has crowds far more than all the remaining 5 combined.

Each of the other 5 require a leader who gives a call and I'm sure arrangements to get people to listen, are made by the organisers.

The beauty of Ambedkarism is that no leader is needed for lakhs to gather in Nagpur. This year many came in luxury AC buses from Karnataka, Punjab and other states, paying from their own pockets, contrary to the dirty propaganda by media that Ambedkarites ride free in trains.

The whole Nagpur city was a riot of white and off white with lakhs congregating for the event. Silently moving, with not a single case of any youth looking askance or misbehaving.

Today's photo of lathi wielding people in Reshim bagh, revealed around 650 and that was all that Loksatta showed of the crowds in today's paper. The total crowd may not have exceeded 5000.

The tragedy of media is that their upper caste leanings force them to propagate organisations which have hardly any following by rational people.

Reality hits hard every Dussehra with the quantity and quality of Ambedkarites rising logarithmically. Leaders across the board have been rejected by Ambedkarites as pygmies who've sold themselves. None of them show their faces on Dussehra or 6th Dec/ 14th April in Chaitya Bhoomi. With Jan 1st Bhima Koregaon diwas, and 14th January as Namantar diwas in Sambhajinagar (Aurangabad), the movement is growing leaps and bounds.

**continue page 22**

# Asoka Vijayadashmi at Nagpur

The reality of Ambedkarites slowly and silently disrupting the spaces traditionally occupied by upper castes be it in administration, education, business or statesmanship, is a fact which no one can ignore.

Another 10 years and the edifice of upper caste hegemony will face collapse like nine pins.' Mr Ujjwal Uke has explained things so categorically in his response to my article which I have now included here as they are extremely important and valid point.

